## ਅਧਿਆਇ 15

# ਅਬਰਾਹਾਮ ਨੂੰ ਭੂਮੀ ਦੇਣ ਦਾ ਪਰਮੇਸ਼ੁਰ ਦਾ ਨੇਮ

ਇਹ ਅਨਿਸ਼ਚਿਤ ਹੈ ਕਿ ਪੂਰਬ ਦੇ ਰਾਜਿਆਂ ਉੱਤੇ ਅਬਰਾਹਾਮ ਦੀ ਜਿੱਤ ਅਤੇ ਸਦੂਮ ਦੇ ਰਾਜਾ ਅਤੇ ਯਰੂਸ਼ਲਮ ਦੇ ਜਾਜਕੀ ਰਾਜਾ ਮਲਕਿ-ਸਿਦਕ ਦੇ ਨਾਲ ਉਸ ਦੀ ਮੁਲਾਕਾਤ ਵਿੱਚ ਕਿੰਨੇ ਕੁ ਸਮੇਂ ਦਾ ਫਾਸਲਾ ਸੀ। ਇਹ ਫਾਸਲਾ ਭਾਵੇਂ ਜਿੰਨਾ ਵੀ ਹੋਵੇ, ਜਿਹੜੀ ਅਵਾਜ਼ 13:14-17 ਤੋਂ ਚੁੱਪ ਸੀ, ਹੁਣ ਦੁਬਾਰਾ ਅਬਰਾਹਾਮ ਦੇ ਨਾਲ ਗੱਲ ਕਰਦੀ ਹੈ।

## ਰੱਬੀ ਵਾਇਦਾ ਅਤੇ ਨਿਹਚਾ ਦਾ ਪ੍ਰਤੀਉੱਤਰ (15:1–6)

**1ਇਨ੍ਹਾਂ ਗੱਲਾਂ ਦੇ ਮਗਰੋਂ ਯਹੋਵਾਹ ਦਾ ਵਚਨ ਅਬਰਾਮ ਕੋਲ ਦਰਸ਼ਨ ਵਿੱਚ ਆਇਆ ਕਿ
ਨਾ ਡਰ ਅਬਰਾਮ ਮੈਂ ਤੇਰੇ ਲਈ ਢਾਲ ਹਾਂ ਅਤੇ ਤੇਰਾ ਅੱਤ ਵੱਡਾ ਅਜਰ ਹਾਂ। 2ਉਪਰੰਤ
ਅਬਰਾਮ ਨੇ ਆਖਿਆ ਹੇ ਯਹੋਵਾਹ ਪ੍ਰਭੂ ਤੂੰ ਮੈਨੂੰ ਕੀ ਦੇਵੇਂਗਾ? ਕਿਉਂਜੋ ਮੈਂ ਔਤ ਜਾਂਦਾ ਹਾਂ ਅਰ
ਮੇਰੇ ਘਰ ਦਾ ਵਾਰਿਸ ਇਹ ਦਮਿਸ਼ਕੀ ਅਲੀਅਜ਼ਰ ਹੈ। 3ਨਾਲੇ ਅਬਰਾਮ ਨੇ ਆਖਿਆ ਵੇਖ ਤੈਂ
ਮੈਨੂੰ ਕੋਈ ਅੰਸ ਨਾ ਦਿੱਤੀ ਅਰ ਵੇਖ ਮੇਰਾ ਘਰਜੰਮ ਮੇਰਾ ਵਾਰਿਸ ਹੋਵੇਗਾ। 4ਤਾਂ ਵੇਖੋ ਯਹੋਵਾਹ
ਦਾ ਬਚਨ ਉਹ ਦੇ ਕੋਲ ਆਇਆ ਕਿ ਇਹ ਤੇਰਾ ਵਾਰਿਸ ਨਾ ਹੋਵੇਗਾ ਪਰ ਉਹ ਜੋ ਤੇਰੇ ਤੁਖ਼ਮ
ਵਿੱਚੋਂ ਨਿੱਕਲੇਗਾ ਤੇਰਾ ਵਾਰਿਸ ਹੋਵੇਗਾ। 5ਤਾਂ ਉਹ ਉਸ ਨੂੰ ਬਾਹਰ ਲੈ ਗਿਆ ਅਰ ਆਖਿਆ
ਅਕਾਸ਼ ਵੱਲ ਨਿਗਾਹ ਮਾਰ ਅਤੇ ਤਾਰੇ ਗਿਣ ਜੇ ਤੂੰ ਉਨ੍ਹਾਂ ਨੂੰ ਗਿਣ ਸੱਕੇਂ, ਫੇਰ ਉਸ ਨੇ ਉਹ ਨੂੰ
ਆਖਿਆ ਐਨੀ ਹੀ ਤੇਰੀ ਅੰਸ ਹੋਵੇਗੀ। 6ਉਸ ਨੇ ਯਹੋਵਾਹ ਦੀ ਪਰਤੀਤ ਕੀਤੀ ਅਤੇ ਉਸ ਨੇ
ਉਹ ਦੇ ਲਈ ਏਸ ਗੱਲ ਨੂੰ ਧਰਮ ਗਿਣਿਆ।**

**ਆਇਤ 1. ਯਹੋਵਾਹ ਦਾ ਵਚਨ ਅਬਰਾਮ ਕੋਲ . . . ਆਇਆ** ਸ਼ਬਦ ਖਾਸ ਤੌਰ 'ਤੇ ਉਸ ਵੇਲੇ ਇਸਤੇਮਾਲ ਕੀਤੇ ਜਾਂਦੇ ਸਨ ਜਦ ਕਿਸੇ ਨਬੀ ਦੇ ਕੋਲ ਕੋਈ ਸੰਦੇਸ਼ ਜਾਂ ਨਬੂਵਤ ਪੁੱਜਦੀ ਸੀ (ਯਿਰਮਿਯਾਹ 1:2; ਹਿਜ਼ਕੀਏਲ 1:3; ਹੋਸ਼ੇਆ 1:1; ਯੂਨਾਹ 1:1)। ਕਦੇ-ਕਦੇ ਪਰਮੇਸ਼ੁਰ ਪੁਰਖਿਆਂ ਨਾਲ ਅਤੇ ਉਨ੍ਹਾਂ ਦੇ ਵੈਰੀਆਂ ਨਾਲ ਗੱਲਬਾਤ ਕਰਨ ਲਈ **ਦਰਸ਼ਨ** ਜਾ ਸੁਫਨੇ ਦੀ ਵਰਤੋਂ ਕਰਦਾ ਸੀ (20:3, 6; 28:12; 31:10, 11, 24; 37:5-10; 46:2)।

20:7 ਵਿੱਚ ਪਰਮੇਸ਼ੁਰ ਨੇ ਅਬਰਾਹਾਮ ਨੂੰ "ਨਬੀ" ਆਖਿਆ। ਇਸ ਸ਼ਬਦ ਦੀ ਵਿਆਖਿਆ ਦਿੱਤੀ ਜਾਣੀ ਜ਼ਰੂਰੀ ਹੈ ਕਿਉਂਕਿ ਆਮ ਤੌਰ 'ਤੇ ਇਸ ਨੂੰ ਗਲਤ ਸਮਝਿਆ ਜਾਂਦਾ ਹੈ। "ਨਬੀ" ਲਈ ਇਸਤੇਮਾਲ ਹੋਣ ਵਾਲਾ ਆਮ ਇਬਰਾਨੀ ਸ਼ਬਦ נָבִיא (*ਨਬੀ*) ਹੈ, ਜਿਸ ਦਾ ਅਰਥ ਹੈ "ਬੁਲਾਰਾ,"[1] ਅਰਥਾਤ, ਉਹ ਵਿਅਕਤੀ ਜੋ ਕਿਸੇ ਦੂਜੇ ਦੇ ਵੱਲੋਂ ਬੋਲਦਾ ਹੈ। ਇਸ ਦਾ ਇੱਕ ਉਦਾਹਰਣ ਉਸ ਸੱਦੇ ਵਿੱਚ ਵੇਖਿਆ ਜਾ ਸਕਦਾ ਹੈ ਜਿਹੜਾ ਪਰਮੇਸ਼ੁਰ ਨੇ ਮੂਸਾ ਨੂੰ ਮਿਸਰ

ਵਾਪਿਸ ਜਾਣ ਲਈ ਦਿੱਤਾ ਸੀ। ਇਸ ਰੱਬੀ ਹੁਕਮ ਤੋਂ ਬਚਣ ਲਈ ਮੂਸਾ ਨੇ ਬਹਾਨੇ ਬਣਾਏ – ਮੁੱਢਲੇ ਤੌਰ ’ਤੇ ਇੱਕ ਬੁਲਾਰੇ ਵਜੋਂ ਆਪਣੀ ਅਯੋਗਤਾ ਬਾਰੇ। ਪਰ ਮੂਸਾ ਦੀ ਹਿਚਕਿਚਾਹਟ ਤੋਂ ਪਰਮੇਸ਼ੁਰ ਨੇ ਆਪਣਾ ਇਰਾਦਾ ਨਹੀਂ ਬਦਲਿਆ। ਦੋ ਵਾਰੀ ਉਸ ਨੇ ਵਾਇਦਾ ਕੀਤਾ ਕਿ ਉਹ ਆਪਣੇ ਸ਼ਬਦ ਮੂਸਾ ਨੂੰ ਦੇਵੇਗੇ, ਜੋ ਉਨ੍ਹਾਂ ਸ਼ਬਦਾਂ ਨੂੰ ਹਾਰੂਨ ਨੂੰ ਦੱਸੇਗਾ; ਫਿਰ ਪਰਜਾ ਅਤੇ ਫਿਰਊਨ ਦੇ ਨਾਲ ਗੱਲਬਾਤ ਕਰਨ ਵੇਲੇ ਉਸ ਦਾ ਭਰਾ ਹਾਰੂਨ ਉਸ ਦੇ ਲਈ “ਮੂੰਹ” ਜਾਂ “ਨਬੀ” ਹੋਵੇਗਾ (ਕੂਚ 4:15, 16; 7:1, 2)।

ਇਸ ਕਰਕੇ ਬਾਈਬਲ ਦੇ ਅਨੁਸਾਰ ਨਬੀ ਉਹ ਹੁੰਦਾ ਹੈ ਕਿ ਜਿਹੜਾ ਵਚਨ ਨੂੰ “ਬੋਲਦਾ” ਹੈ ਜਾਂ ਪ੍ਰਚਾਰ ਕਰਦਾ ਹੈ, ਜ਼ਰੂਰੀ ਨਹੀਂ ਹੈ ਕਿ ਉਹ ਭਵਿੱਖ ਵਿੱਚ ਹੋਣ ਵਾਲੀਆਂ ਘਟਨਾਵਾਂ ਦੀ “ਨਬੂਵਤ” ਕਰੇ। ਹਾਂ ਇਹ ਸੱਚ ਹੈ ਕਿ ਪਰਮੇਸ਼ੁਰ ਦੇ ਨਬੀਆਂ ਨੇ ਕਦੇ-ਕਦੇ “ਵਿਨਾਸ ਬਾਰੇ ਦੱਸਦਿਆਂ” ਜਾਂ “ਆਸ ਬਾਰੇ ਦੱਸਦਿਆਂ” ਭਵਿੱਖ ਬਾਰੇ ਗੱਲ ਕੀਤੀ। ਪਰ ਫਿਰ ਵੀ ਉਨ੍ਹਾਂ ਦਾ ਮੁੱਖ ਕੰਮ ਪਰਮੇਸ਼ੁਰ ਦੇ ਵਚਨ ਦਾ ਪ੍ਰਚਾਰ ਕਰਨਾ ਜਾਂ ਸਿੱਖਿਆ ਦੇਣਾ ਸੀ, ਇਹ ਸਾਖੀ ਦਿੰਦਿਆਂ ਕਿ ਪਰਮੇਸ਼ੁਰ ਕੌਣ ਹੈ ਅਤੇ ਆਪਣੇ ਲੋਕਾਂ ਨੂੰ ਅਸੀਸ ਦੇਣ ਲਈ ਉਹ ਕੀ ਕਰਦਾ ਹੈ। ਉਨ੍ਹਾਂ ਨੂੰ ਇਹ ਪ੍ਰਚਾਰ ਵੀ ਕਰਨਾ ਸੀ ਕਿ ਉਹ ਲੋਕਾਂ ਦਾ ਨਿਆਉਂ ਕਰਦਾ ਹੈ ਅਤੇ ਉਨ੍ਹਾਂ ਦੇ ਸ਼ਬਦਾਂ ਅਤੇ ਕੰਮਾਂ ਲਈ ਉਨ੍ਹਾਂ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਜਦ ਅਬਰਾਹਾਮ ਨੇ ਇੱਕਮਾਤਰ ਸੱਚੇ ਪਰਮੇਸ਼ੁਰ, ਅੱਤ ਮਹਾਨ ਯਹੋਵਾਹ ਦੀ ਸਾਖੀ ਦਿੱਤੀ, ਜਿਸ ਨੇ ਉਸ ਨੂੰ ਪੂਰਬ ਦੇ ਰਾਜਿਆਂ ਉੱਤੇ ਫ਼ਤਿਹ ਦਿੱਤੀ ਸੀ (14:22-24), ਤਾਂ ਅਸਲ ਵਿੱਚ ਉਹ ਨਬੀ ਦੀ ਭੂਮਿਕਾ ਨਿਭਾ ਰਿਹਾ ਸੀ।

ਯਹੋਵਾਹ ਨੇ ਅਬਰਾਹਾਮ ਨੂੰ **ਡਰ** ਨਾ ਰੱਖਣ ਦੀ ਤਾਗੀਦ ਦਿੱਤੀ ਕਿਉਂਕਿ ਪਰਮੇਸ਼ੁਰ ਉਸ ਦੀ **ਢਾਲ** ਸੀ (ਵੇਖੋ ਬਿਵਸਥਾ ਸਾਰ 33:29; 2 ਸਮੂਏਲ 22:3, 31; ਜ਼ਬੂਰਾਂ 3:3; 7:10; 84:11) ਅਤੇ ਉਸ ਨੂੰ ਤਸੱਲੀ ਦਿੱਤੀ ਕਿ ਉਸ ਦਾ **ਅਜਰ ਅੱਤ ਵੱਡਾ** ਹੋਵੇਗਾ। ਬਿਰਤਾਂਤ ਇਹ ਨਹੀਂ ਦੱਸਦਾ ਕਿ ਇਸ ਵੇਲੇ ਅਬਰਾਹਾਮ ਡਰਿਆ ਹੋਇਆ ਕਿਉਂ ਸੀ। ਕੁਝ ਲੋਕਾਂ ਨੇ ਸੁਝਾਉ ਦਿੱਤਾ ਹੈ ਕਿ ਉਹ ਚਿੰਤਿਤ ਸੀ ਕਿ ਕਿਤੇ ਉਸ ਦੇ ਵੈਰੀ ਦੁਬਾਰਾ ਯੁੱਧ ਲੜਣ ਲਈ ਵਾਪਿਸ ਨਾ ਆ ਜਾਣ; ਪਰ ਅਬਰਾਹਾਮ ਦੀ ਨਿੱਜੀ ਸੈਨਾ ਅਤੇ ਤਿੰਨ ਅਮੋਰੀ ਭਰਾਵਾਂ ਦੀਆਂ ਫੌਜਾਂ ਵੱਲੋਂ ਮਿਲੀ ਹਾਰ ਤੋਂ ਬਾਅਦ ਇਸ ਦੀ ਸੰਭਾਵਨਾ ਨਾ ਦੇ ਬਰਾਬਰ ਸੀ। ਕੁਝ ਲੋਕਾਂ ਨੇ ਇਹ ਵੀ ਆਖਿਆ ਹੈ ਕਿ ਪਰਮੇਸ਼ੁਰ ਦੀ ਹਜ਼ੂਰੀ ਨੇ ਅਬਰਾਹਾਮ ਨੂੰ ਭੈਭੀਤ ਕਰ ਦਿੱਤਾ ਸੀ (15:12), ਜਿਵੇਂ ਕਿ ਅੱਗੇ ਚੱਲ ਕੇ ਨਿਸਤਾਰੇ ਬਾਰੇ ਦਿੱਤਾ ਗਿਆ ਉਸ ਦਾ ਇੱਕ ਸੰਦੇਸ਼ ਵੀ ਉਸ ਦੇ ਲੋਕਾਂ ਦੇ ਦਿਲਾਂ ਨੂੰ ਦਹਿਲਾ ਦੇਣ ਵਾਲਾ ਸੀ (21:17; 26:24; 43:23; 46:3; ਕੂਚ 3:6)। ਹਾਲਾਂਕਿ ਪਰਮੇਸ਼ੁਰ ਦੀ ਹਜ਼ੂਰੀ ਵਿਸ਼ਵਾਸ ਦੇ ਜੋਧਿਆਂ ਦੇ ਦਿਲਾਂ ਵਿੱਚ ਵੀ ਡਰ ਲਿਆ ਸਕਦੀ ਹੈ, ਤਾਂ ਵੀ ਸਾਡੇ ਕੋਲ ਇਸ ਦਾ ਕੋਈ ਕਾਰਣ ਨਹੀਂ ਹੈ ਕਿ ਆਇਤ 1 ਵਿੱਚ ਦੱਸੇ ਗਏ ਡਰ ਨੂੰ ਆਇਤਾਂ 12 ਤੋਂ 21 ਵਿਚਲੇ ਦਰਸ਼ਣ ਦੇ ਨਾਲ ਜੋੜੀਏ ਜਿਹੜਾ ਬਾਅਦ ਵਿੱਚ ਉਸ ਵੇਲੇ ਵਾਪਰਿਆ ਸੀ ਜਦ ਸੂਰਜ ਢਲ ਰਿਹਾ ਸੀ।

ਇਸ ਆਇਤ ਵਿੱਚ ਦਿੱਤੇ ਗਏ ਅਬਰਾਹਾਮ ਦੇ ਡਰ ਦੀ ਸੁਭਾਵਕ ਸਮਝ ਉਸ ਮਸਲੇ ਨਾਲ ਸੰਬੰਧਤ ਹੈ ਜਿਹੜਾ ਉਸ ਦੇ ਹਿਰਦੇ ਉੱਤੇ ਬਹੁਤ ਭਾਰਾ ਸੀ: ਉਸ ਦੇ ਆਪਣੇ ਵਾਰਿਸ ਦੀ ਘਾਟ। ਜਦ ਪਰਮੇਸ਼ੁਰ ਨੇ ਅਬਰਾਹਾਮ ਨੂੰ ਤਸੱਲੀ ਦਿੱਤੀ ਕਿ ਉਹ ਆਪ ਉਸ ਦੀ “ਢਾਲ” ਅਤੇ ਉਸ ਦੇ “ਅਜਰ” ਦਾ ਦੇਣ ਵਾਲਾ ਸੀ, ਤਾਂ ਅਬਰਾਹਾਮ ਨੇ ਫਟਾਫਟ ਦੱਸ ਦਿੱਤਾ ਕਿ ਕਿਹੜੀ ਗੱਲ ਉਸ ਨੂੰ ਪਰੇਸ਼ਾਨ ਕਰ ਰਹੀ ਸੀ। ਸਪੱਸ਼ਟ ਤੌਰ ’ਤੇ ਉਹ ਇਹੋ ਜਿਹੇ ਵਿਚਾਰਾਂ ਬਾਰੇ ਸੋਚ ਰਿਹਾ ਸੀ: “ਇਹ ਵਧੀਆ ਗੱਲ ਹੈ ਕਿ ਪਰਮੇਸ਼ੁਰ ਨੇ ਕਨਾਨ ਦੇਸ ਮੈਨੂੰ ਦੇਣ ਦਾ ਵਾਇਦਾ ਦਿੱਤਾ ਹੈ ਅਤੇ ਮੇਰੇ ਵੈਰੀਆਂ ਤੋਂ ਮੇਰੀ ਰੱਖਿਆ ਕੀਤੀ ਹੈ। ਉਸ ਨੇ ਬਹੁਤ ਸਾਰੇ ਇੱਜੜਾਂ, ਡੰਗਰਾਂ ਅਤੇ ਮਾਲ ਧਨ

ਨਾਲ ਮੈਨੂੰ ਅਸੀਸ ਦਿੱਤੀ ਹੈ – ਪਰ ਇਨ੍ਹਾਂ ਸਭਨਾਂ ਦਾ ਕੀ ਫਾਇਦਾ ਜੇਕਰ ਮੇਰੀ ਇਸ ਸਾਰੀ ਸੰਪਤੀ ਨੂੰ ਸਾਂਭਣ ਵਾਲਾ ਮੇਰਾ ਕੋਈ ਪੁੱਤਰ ਹੀ ਨਹੀਂ ਹੈ?" ਇਸ ਕਰਕੇ ਯਹੋਵਾਹ ਵੱਲੋਂ ਅਬਰਾਹਾਮ ਨੂੰ "ਨਾ ਡਰ" ਆਖਣਾ ਉਸ ਦੇ ਲਈ ਇਹ ਤਸੱਲੀ ਅਤੇ ਦਿਲਾਸਾ ਸੀ ਕਿ ਹਾਲਾਂਕਿ ਉਹ ਅਤੇ ਸਾਰਾਹ ਬਹੁਤ ਬੁੱਢੇ ਹੋ ਚੁੱਕੇ ਸਨ, ਤਾਂ ਵੀ ਉਨ੍ਹਾਂ ਦੀਆਂ ਅਸੀਸਾਂ ਦੇ ਵਾਰਿਸ ਵਜੋਂ ਉਨ੍ਹਾਂ ਨੂੰ ਇੱਕ ਪੁੱਤਰ ਮਿਲੇਗਾ (ਵੇਖੋ 15:4, 5)।

**ਆਇਤ 2.** ਪਰਮੇਸ਼ੁਰ ਵੱਲੋਂ ਅਬਰਾਹਾਮ ਨੂੰ ਸੱਦਾ ਦਿੱਤਿਆਂ ਕਈ ਵਰ੍ਹੇ ਬੀਤ ਚੁੱਕੇ ਸਨ, ਕਿ ਉਹ ਊਰ ਨੂੰ ਛੱਡ ਦੇਵੇ ਅਤੇ ਪਰਮੇਸ਼ੁਰ ਉਸ ਨੂੰ ਇੱਕ ਵੱਡੀ ਜਾਤੀ ਬਣਾਵੇਗਾ, ਉਸ ਦੀ ਅੰਸ (ਵਿਸ਼ੇਸ਼ ਤੌਰ 'ਤੇ ਮਸੀਹ; ਵੇਖੋ ਗਲਾਤੀਆਂ 3:16) ਦੇ ਰਾਹੀਂ ਧਰਤੀ ਦੇ ਸਾਰੇ ਘਰਾਣੇ ਮੁਬਾਰਕ ਹੋਣਗੇ ਅਤੇ ਉਸ ਨੂੰ ਕਨਾਨ ਦੇਸ ਦੇਵੇਗਾ (11:31; 12:1-3; 13:15, 17; 15:7) ਅਤੇ ਉਸ ਵੇਲੇ ਅਬਰਾਹਾਮ ਇੱਕ ਜੁਆਨ ਵਿਅਕਤੀ ਸੀ।[2] ਕੌਮਾਂ ਦੇ ਭਾਵੀ ਪਿਤਾ ਦੀ ਆਸ ਖਤਮ ਹੁੰਦੀ ਜਾਪ ਰਹੀ ਸੀ ਕਿ ਸਾਰਾਹ ਦੇ ਜ਼ਰੀਏ ਉਸ ਨੂੰ ਕੋਈ ਸੰਤਾਨ ਨਹੀਂ ਮਿਲੇਗੀ। ਇਸ ਕਰਕੇ, ਆਖਿਰਕਾਰ ਉਸ ਨੇ **ਯਹੋਵਾਹ ਪ੍ਰਭੂ** ਅੱਗੇ ਪਰਗਟ ਕਰ ਦਿੱਤਾ ਕਿ ਕਿਹੜੀ ਗੱਲ ਉਸ ਨੂੰ ਪਰੇਸ਼ਾਨ ਕਰ ਰਹੀ ਸੀ: ਉਸ ਦੀ ਨਿਰਾਸਾ ਇਸ ਤੱਥ ਦੇ ਕਾਰਣ ਸੀ ਕਿ ਉਹ **ਔਤ** ਸੀ। ਉਸ ਨੇ ਆਖਿਆ ਕਿ [ਉਸ ਦੇ] **ਘਰ ਦਾ ਵਾਰਿਸ ਇਹ ਦਮਿਸ਼ਕੀ ਅਲੀਅਜ਼ਰ** ਸੀ।[3]

בֶּן־מֶשֶׁק (*ਬੇਨ ਮੇਸ਼ੇਕ*) ਦਾ "ਵਾਰਿਸ" ਵਜੋਂ ਕੀਤਾ ਗਿਆ ਅਨੁਵਾਦ ਕੁਝ ਹੱਦ ਤੱਕ ਇਤਰਾਜ਼ਯੋਗ ਜਾਪਦਾ ਹੈ। ਇਬਰਾਨੀ ਦਾ ਇਹ ਸ਼ਬਦ ਪੁਰਾਣੇ ਨੇਮ ਵਿੱਚ ਅਜੋਕਾ ਹੈ; ਇਸ ਕਰਕੇ ਇਸ ਨੂੰ ਵੱਖ-ਵੱਖ ਤਰ੍ਹਾਂ ਨਾਲ ਅਨੁਵਾਦ ਕੀਤਾ ਗਿਆ ਹੈ। *ਬੇਨ ਮੇਸ਼ੇਕ* ਦਾ ਸ਼ਾਬਦਿਕ ਅਨੁਵਾਦ "ਗੋਦ ਲਿਆ ਗਿਆ ਪੁੱਤਰ" ਹੋਵੇਗਾ। ਇਸ ਅਨੁਵਾਦ ਦੀ ਬਜਾਇ ਜ਼ਿਆਦਾਤਰ ਆਧੁਨਿਕ ਅੰਗ੍ਰੇਜ਼ੀ ਅਨੁਵਾਦ ਇਸ ਨੂੰ "ਵਾਰਿਸ" ਲਿਖਦੇ ਹਨ (RSV; NRSV; NEB; NASB)।[4] ਇਹ ਅਨੁਮਾਨ ਇਸ ਤੱਥ ਉੱਤੇ ਅਧਾਰਿਤ ਹੈ ਕਿ ਇਹ ਸ਼ਬਦ 15:3 ਵਿੱਚ "ਵਾਰਿਸ [ਹੋਣ]" (יָרַשׁ, *ਯਾਰਾਸ਼*) ਦੇ ਸ਼ਬਦ ਦੇ ਨਾਲ ਮੇਲ ਖਾਂਦੇ ਹਨ।[5]

**ਆਇਤ 3.** ਅਬਰਾਹਾਮ ਨੇ ਦਮਿਸ਼ਕੀ ਅਲੀਅਜ਼ਰ ਨੂੰ ਗੋਦ ਲੈ ਲਿਆ ਸੀ, ਜੋ ਉਸ ਦਾ **ਘਰਜੰਮ** ਦਾਸ ਸੀ ਅਤੇ ਉਸ ਨੂੰ ਆਪਣਾ **ਵਾਰਿਸ** ਐਲਾਨਿਆ ਸੀ। ਇਹ ਪੁਰਾਤਨ ਮਸੋਪੋਤਾਮੀਆ ਦੀ ਪਰੰਪਰਾ ਦੇ ਅਨੁਸਾਰ ਸੀ, ਜਿਸ ਦੇ ਅਨੁਸਾਰ ਜਿਸ ਵਿਅਕਤੀ ਦੀ ਆਪਣੀ ਕੋਈ ਸੰਤਾਨ ਨਹੀਂ ਹੁੰਦੀ ਸੀ ਉਹ ਆਪਣੇ ਕਿਸੇ ਦਾਸ ਨੂੰ ਗੋਦ ਲੈ ਸਕਦਾ ਸੀ। ਗੋਦ ਲਏ ਗਏ ਇਸ ਪੁੱਤਰ ਦੀ ਜ਼ਿੰਮੇਵਾਰੀ ਹੁੰਦੀ ਸੀ ਕਿ ਉਹ ਆਪਣੇ ਨਵੇਂ ਮਾਪਿਆਂ ਦੀ ਉਮਰ ਭਰ ਸੇਵਾ ਕਰੇ ਅਤੇ ਉਨ੍ਹਾਂ ਦੀ ਮੌਤ ਤੋਂ ਬਾਅਦ ਉਚਿੱਤ ਤਰੀਕੇ ਨਾਲ ਉਨ੍ਹਾਂ ਨੂੰ ਦਫਨਾਵੇ। ਤਦ ਉਹ ਉਨ੍ਹਾਂ ਦੀ ਸਾਰੀ ਸੰਪਤੀ ਨੂੰ ਪ੍ਰਾਪਤ ਕਰ ਸਕਦਾ ਸੀ। ਹਾਂ, ਜੇਕਰ ਇਸ ਦਾਸ ਨੂੰ ਗੋਦ ਲਏ ਜਾਣ ਤੋਂ ਬਾਅਦ ਉਸ ਜੋੜੇ ਦਾ ਆਪਣਾ ਪੁੱਤਰ ਜੰਮ ਪੈਂਦਾ ਸੀ ਤਾਂ ਉਹ ਪੁੱਤਰ ਮੁੱਖ ਵਾਰਿਸ ਬਣ ਜਾਂਦਾ ਸੀ ਅਤੇ ਗੋਦ ਲਏ ਗਏ ਪੁੱਤਰ ਨੂੰ ਇੱਕ ਪਾਸੇ ਹੋਣਾ ਪੈਂਦਾ ਸੀ।

ਕਿਸੇ ਜੋੜੇ ਦੀ ਆਪਣੀ ਸੰਤਾਨ ਨਾ ਹੋਣ 'ਤੇ ਕਿਸੇ ਦਾਸ ਨੂੰ ਗੋਦ ਲਏ ਜਾਣ ਦੀ ਪਰੰਪਰਾ ਦੀ ਪੁਸ਼ਟੀ ਨੂਜ਼ੀ ਤਖਤੀਆਂ ਵਿੱਚ ਕੀਤੀ ਗਈ ਹੈ। ਪੰਦਰਵੀਂ ਸਦੀ ਈਸਾ ਪੂਰਬ ਦੀਆਂ ਮਿੱਟੀ ਦੀਆਂ ਇਹ ਤਖਤੀਆਂ 1925 ਤੋਂ 1931 ਦੇ ਦਰਮਿਆਨ ਉੱਤਰ-ਪੂਰਬੀ ਮਸੋਪੋਤਾਮੀਆਂ ਦੇ ਨੂਜ਼ੀ ਸੂਬੇ ਵਿੱਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਮਿਲੀਆਂ ਸਨ। ਹਾਲਾਂਕਿ ਇਹ ਤਖਤੀਆਂ ਅਬਰਾਹਾਮ ਤੋਂ ਕਈ ਸੈਂਕੜੇ ਵਰ੍ਹੇ ਬਾਅਦ ਦੀਆਂ ਹਨ, ਤਾਂ ਵੀ ਪੁਰਾਤਨ ਮੱਧ ਪੂਰਬ ਦੀ ਸੱਭਿਅਤਾ ਦੀ ਸਥਿਰਤਾ ਦੇ ਸੁਭਾਉ ਦੇ ਕਾਰਣ ਇਹ ਇਨ੍ਹਾਂ ਨੂੰ ਤਿਆਰ ਕੀਤੇ ਜਾਣ ਦੀ ਮਿਤੀ ਤੋਂ ਕਈ ਵਰ੍ਹੇ ਪਹਿਲਾਂ ਅਤੇ ਬਾਅਦ ਦੀ ਜੀਵਨਸ਼ੈਲੀ ਅਤੇ ਪਰੰਪਰਾਵਾਂ ਦੀ ਝਲਕ ਪੇਸ਼ ਕਰਦੀਆਂ

ਹਨ।[6]

**ਆਇਤ 4. ਯਹੋਵਾਹ** ਨੇ ਇਸ ਸੰਭਾਵਨਾ ਨੂੰ ਰੱਦ ਦਿੱਤਾ ਕਿ ਅਲੀਅਜ਼ਰ ਗੋਦ ਲਿਆ ਗਿਆ ਵਾਰਿਸ ਬਣੇ। ਇਸ ਦੀ ਬਜਾਇ ਉਸ ਨੇ ਪੁਰਜ਼ੋਰ ਵਾਇਦਾ ਕਿ ਅਬਰਾਹਾਮ ਨੂੰ ਉਸ ਦੇ ਆਪਣੇ ਮਾਸ ਅਤੇ ਲਹੂ ਵਿੱਚੋਂ ਪੁੱਤਰ ਮਿਲੇਗਾ ਜਿਹੜਾ (ਉਸ ਦੇ ਆਪਣੇ) **ਤੁਖ਼ਮ ਵਿੱਚੋਂ ਨਿੱਕਲੇਗਾ** ਕਿ ਉਸ ਦਾ **ਵਾਰਿਸ** ਹੋਵੇ। ਜਿਵੇਂ ਕਿ ਅਧਿਆਇ 16 ਵਿੱਚ ਵੇਖਿਆ ਗਿਆ ਹੈ, ਇਹ ਸਾਰਾਹ ਦੇ ਗਰਭ ਧਾਰਣ ਕਰਨ ਦੀ ਅਜੋਗਤਾ ਦੇ ਕਾਰਣ ਇੱਕ ਬੜੀ ਔਖੀ ਸਮੱਸਿਆ ਪ੍ਰਤੀਤ ਹੋ ਰਿਹਾ ਸੀ। ਕੁਝ ਦੇਰ ਲਈ ਪਰਮੇਸ਼ੁਰ ਨੇ ਅਬਰਾਹਾਮ ਦੇ ਸੰਦੇਹਾਂ ਨੂੰ ਇਹ ਦਰਸਾਉਂਦਿਆਂ ਸ਼ਾਂਤ ਕੀਤਾ ਇਹ ਵਾਇਦਾ ਉਸ ਇਕੱਲੇ ਤੱਕ ਹੀ ਸੀਮਿਤ ਨਹੀਂ ਹੋਣਾ ਸੀ, ਸਗੋਂ ਇਸ ਵਿੱਚ ਆਉਣ ਵਾਲੀ ਅਣਗਿਣਤ ਅੰਸ ਵੀ ਸ਼ਾਮਲ ਸੀ।

**ਆਇਤ 5.** ਯਹੋਵਾਹ (ਅਬਰਾਹਾਮ ਨੂੰ) **ਬਾਹਰ ਲੈ ਗਿਆ** ਅਤੇ ਉਸ ਨੂੰ ਚੁਣੌਤੀ ਦਿੱਤੀ ਕਿ **ਅਕਾਸ਼ ਵੱਲ ਨਿਗਾਹ ਮਾਰ ਅਤੇ ਤਾਰੇ ਗਿਣ**। ਅਜਿਹਾ ਕਰਕੇ ਪਰਮੇਸ਼ੁਰ ਨੇ ਅਬਰਾਹਾਮ ਦੀ ਸਰੀਰਕ ਅਵਸਥਾ ਉੱਤੋਂ ਉਸ ਦਾ ਧਿਆਨ ਹਟਾਇਆ (15:4) ਅਤੇ ਇਹ ਆਖ ਕੇ ਉਸ ਦੀ ਅਣਗਿਣਤ ਸੰਤਾਨ ਵੱਲ ਉਸ ਦਾ ਧਿਆਨ ਲਗਾਇਆ, **ਐਨੀ ਹੀ ਤੇਰੀ ਅੰਸ ਹੋਵੇਗੀ** (ਵੇਖੋ 22:17; 26:4)। ਹਾਂ, ਅਬਰਾਹਾਮ ਨਾ ਤਾਂ ਤਾਰਿਆਂ ਨੂੰ **ਗਿਣ** ਸਕਦਾ ਸੀ ਅਤੇ ਨਾ ਹੀ ਉਸ ਅਣਗਿਣਤ ਅੰਸ ਦੀ ਕਲਪਨਾ ਕਰ ਸਕਦਾ ਸੀ ਜਿਹੜੀ ਉਸ ਦੇ ਆਪਣੇ ਪੁੱਤਰ ਦੀ ਵੰਸ਼ਾਵਲੀ ਵਿੱਚੋਂ ਨਿਕਲਣੀ ਸੀ। ਸਗੋਂ ਉਨ੍ਹਾਂ ਦੀ ਗਿਣਤੀ ਕਰਨੀ ਤਾਂ ਹੋਰ ਵੀ ਕਲਪਨਾ ਤੋਂ ਪਰੇ ਸੀ ਜੋ ਨਿਹਚਾ ਸਦਕਾ ਉਸ ਦੀ ਆਤਮਿਕ ਸੰਤਾਨ ਬਣਨਗੇ (ਗਲਾਤੀਆਂ 3:26-29)।

**ਆਇਤ 6.** ਇਸ ਵਿਸਤਾਰਪੂਰਬਕ ਵਾਇਦੇ ਦੇ ਪ੍ਰਤੀਉੱਤਰ ਵਿੱਚ ਅਬਰਾਹਾਮ ਨੇ **ਯਹੋਵਾਹ ਦੀ ਪਰਤੀਤ ਕੀਤੀ**। ਬਾਈਬਲ ਵਿੱਚ ਇਹ ਪਹਿਲਾ ਥਾਂ ਹੈ ਜਿੱਥੇ ਕਿਰਿਆ "ਪਰਤੀਤ" (אָמַן, *ਆਮੇਨ*) ਜਾਂ ਉਸ ਦੇ ਨਾਉਂ ਰੂਪ "ਨਿਹਚਾ" ਦੀ ਵਰਤੋਂ ਕੀਤੀ ਗਈ ਹੈ, ਹਾਲਾਂਕਿ ਇਹ ਪਹਿਲੀ ਵਾਰੀ ਨਹੀਂ ਸੀ ਕਿ ਅਬਰਾਹਾਮ ਨੇ ਪਰਮੇਸ਼ੁਰ ਦੀ ਪਰਤੀਤ ਕੀਤੀ ਸੀ। ਨਿਹਚਾ ਦੀ ਉਸ ਦੀ ਯਾਤਰਾ ਦਾ ਅਰੰਭ ਕਈ ਵਰ੍ਹੇ ਪਹਿਲਾਂ ਊਰ ਤੋਂ ਹੋਇਆ ਸੀ, ਜਦ ਪਰਮੇਸ਼ੁਰ ਨੇ ਪਹਿਲੀ ਵਾਰੀ ਉਸ ਨੂੰ ਸੱਦਾ ਦਿੱਤਾ ਸੀ (11:31; 15:7; ਰਸੂਲਾਂ 7:2) ਅਤੇ ਹਾਰਾਨ ਵਿਚਲੇ ਸੱਦੇ ਰਾਹੀਂ ਇਸ ਨੂੰ ਮੁੜ ਨਵਾਂ ਕੀਤਾ ਗਿਆ ਸੀ (11:31–12:5)। ਪਰ ਫਿਰ ਵੀ ਇਹ ਪੁਸ਼ਟੀ ਕਿ ਅਬਰਾਹਾਮ ਨੇ "ਯਹੋਵਾਹ ਦੀ ਪਰਤੀਤ ਕੀਤੀ" ਇੱਕ ਵਧੇਰੇ ਪੱਕੀ ਨਿਹਚਾ ਦਾ ਸੁਝਾਉ ਦਿੰਦੀ ਹੈ, ਜਿਸ ਦਾ ਅਰਥ ਇਹ ਹੈ ਕਿ ਉਸ ਨੇ ਯਹੋਵਾਹ ਦਾ ਭਰੋਸਾ ਕੀਤਾ।[7] "ਯਹੋਵਾਹ" (יהוה, *ਯਾਹਵੇਹ*) ਤੋਂ ਬਾਅਦ ਲੱਗਾ ਸੰਬੰਧਸੂਚਕ ਸ਼ਬਦ "ਦੀ" (בְּ, *ਬੇ*) ਵਿੱਚ ਸ਼ਾਇਦ ਸਿਰਫ ਇਹ ਵਿਚਾਰ ਨਹੀਂ ਹੈ ਕਿ ਉਸ ਦੀ ਨਿਹਚਾ ਪਰਮੇਸ਼ੁਰ ਦੇ ਵਾਇਦੇ ਵਿੱਚ ਸੀ, ਸਗੋਂ ਇਹ ਵੀ ਕਿ ਉਸ ਦੀ ਨਿਹਚਾ ਜਾਂ ਭਰੋਸਾ ਆਪ ਪਰਮੇਸ਼ੁਰ ਵਿੱਚ ਸੀ, ਜਾਂ ਉਸ ਦੀ ਨਿਰਭਰਤਾ ਆਪ ਪਰਮੇਸ਼ੁਰ ਉੱਤੇ ਸੀ।[8]

ਅਬਰਾਹਾਮ ਦੀ ਨਿਹਚਾ ਦੇ ਪ੍ਰਤੀ ਪਰਮੇਸ਼ੁਰ ਦਾ ਜਵਾਬ ਇਹ ਸੀ ਕਿ ਪਰਮੇਸ਼ੁਰ ਨੇ **ਉਹ ਦੇ ਲਈ ਏਸ ਗੱਲ ਨੂੰ ਧਰਮ ਗਿਣਿਆ**। "ਗਿਣਿਆ" ਇਬਰਾਨੀ ਸ਼ਬਦ חָשַׁב (*ਚਾਸ਼ਾਬ*) ਦਾ ਅਨੁਵਾਦ ਹੈ, ਜਿਸ ਦਾ ਅਰਥ ਹੈ ਕਿਸੇ ਦੇ ਲੇਖੇ ਵਿੱਚ "ਗਿਣਨਾ" ਜਾਂ "ਲਿਖਣਾ।" ਇਸ ਪਰੰਪਰਾ ਦਾ ਇੱਕ ਉਦਾਹਰਣ ਗਿਣਤੀ 18:26-30 ਵਿੱਚ ਵੇਖਿਆ ਜਾ ਸਕਦਾ ਹੈ: ਇਸਰਾਏਲ ਦੀ ਪਰਜਾ ਨੂੰ ਆਪਣੀ ਸਾਰੀ ਫਸਲ ਦੀ ਦਸਵੰਧ ਲੇਵੀਆਂ ਨੂੰ ਦੇਣੀ ਸੀ, ਜਿਨ੍ਹਾਂ ਨੇ ਸਾਰੀ ਪ੍ਰਾਪਤ ਕੀਤੀ ਗਈ ਦਸਵੰਧ ਦਾ ਦਸਵਾਂ ਹਿੱਸਾ ਪਰਮੇਸ਼ੁਰ ਨੂੰ ਦੇਣਾ ਸੀ। ਇਸ ਤਰ੍ਹਾਂ ਪਰਮੇਸ਼ੁਰ ਲੇਵੀਆਂ ਦੇ ਦਸਵੰਧ ਨੂੰ ਇਸ ਤਰ੍ਹਾਂ "ਗਿਣਦਾ" (ਲਿਖਦਾ) ਸੀ ਕਿ ਜਿਵੇਂ ਇਹ ਉਨ੍ਹਾਂ ਦੀ ਆਪਣੀ ਫਸਲ

ਵਿੱਚੋਂ ਆਇਆ ਸੀ। *ਚਾਸ਼ਾਬ* ਦਾ ਵਿਚਾਰ ਉਵੇਂ ਹੀ ਹੈ ਜਿਵੇਂ ਦਾਊਦ ਨੇ ਪਾਪ ਬਾਰੇ ਆਖਿਆ, ਹਾਲਾਂਕਿ ਇਹ ਨਕਾਰਾਤਮਕ ਰੂਪ ਵਿੱਚ ਸੀ: "ਧੰਨ ਹੈ ਉਹ ਆਦਮੀ ਜਿਹ ਦੀ ਬਦੀ ਯਹੋਵਾਹ ਉਹ ਦੇ ਲੇਖੇ ਨਹੀਂ ਲਾਉਂਦਾ [*ਚਾਸ਼ਾਬ*, 'ਗਿਣਦਾ' ਜਾਂ 'ਲਿਖਦਾ'] . . . !" ਪਾਪ ਨੂੰ ਉਸ ਆਦਮੀ ਦੇ ਲੇਖੇ ਨਾ ਗਿਣੇ ਜਾਣ ਦਾ ਕਾਰਣ ਇਹ ਸੀ ਕਿ ਪਰਮੇਸ਼ੁਰ ਨੇ ਉਸ ਦੇ "ਪਾਪ" ਨੂੰ "ਖਿਮਾ" ਕਰ ਦਿੱਤਾ ਸੀ ਅਤੇ ਉਹ "ਢੱਕਿਆ" ਗਿਆ ਸੀ (ਜ਼ਬੂਰ 32:1, 2)।

ਇਸ ਵਾਕ ਵਿੱਚ ਕਿ ਪਰਮੇਸ਼ੁਰ ਨੇ ਅਬਰਾਹਾਮ ਦੀ ਨਿਹਚਾ ਨੂੰ "ਉਹ ਦੇ ਲਈ . . . ਧਰਮ ਗਿਣਿਆ [ਲੇਖੇ ਲਿਖਿਆ] . . ." "ਧਰਮ" (צְדָקָה, *ਤਸੇਦਾਕਾਹ*) ਦਾ ਕੀ ਅਰਥ ਹੈ? ਪੁਰਾਣੇ ਨੇਮ ਵਿੱਚ ਇਸ ਸ਼ਬਦ ਦੀ ਵਧੇਰੇ ਵਰਤੋਂ ਉਨ੍ਹਾਂ ਵਿਅਕਤੀਆਂ ਦੇ ਲਈ ਕੀਤੀ ਗਈ ਹੈ ਜਿਨ੍ਹਾਂ ਨੇ ਧਰਮ ਦੇ ਕੰਮ ਕੀਤੇ ਜਾਂ ਉਹ ਆਪ ਨੈਤਿਕ ਤੌਰ 'ਤੇ ਸਹੀ ਸਨ (ਉਤਪਤ 30:33; ਬਿਵਸਥਾ ਸਾਰ 6:24, 25; ਯਸਾਯਾਹ 33:5; ਹਿਜ਼ਕੀਏਲ 14:14, 20)। ਇਹ ਉਸ ਦੁਸ਼ਟਤਾ ਅਤੇ ਅਨੈਤਿਕਤਾ ਦੇ ਉਲਟ ਹੈ ਜਿਹੜੀ ਸਦੂਮ ਅਤੇ ਅਮੂਰਾਹ ਦੇ ਲੋਕ ਕਰ ਰਹੇ ਸਨ। 20:4 ਵਿੱਚ ਅਬੀਮਲਕ ਨੇ ਅਜਿਹੀ ਤੁਲਨਾ ਨੂੰ ਹੀ ਪੇਸ਼ ਕੀਤਾ। ਬਾਅਦ ਵਿੱਚ ਜਿਹੜੀ ਸ਼ਰਾ ਇਸਰਾਏਲ ਨੂੰ ਦਿੱਤੀ ਗਈ ਸੀ ਉਸ ਵਿੱਚ ਆਖਿਆ ਗਿਆ ਸੀ ਕਿ ਅਦਾਲਤ ਵਿੱਚ ਧਰਮੀ (*ਤਸੇਦਾਕਾਹ*) ਨੂੰ ਬਰੀ ਕੀਤਾ ਜਾਵੇ ਅਤੇ ਬੁਰਿਆਰ ਨੂੰ ਸਜ਼ਾ ਦਿੱਤੀ ਜਾਵੇ (ਬਿਵਸਥਾ ਸਾਰ 25:1)।

ਹਿਜ਼ਕੀਏਲ ਨੇ ਆਖਿਆ ਕਿ ਕੋਈ "ਮਨੁੱਖ ਧਰਮੀ" ਉਦੋਂ ਹੁੰਦਾ ਹੈ ਜਦ "ਉਹ ਦੇ ਕੰਮ ਨਿਆਉਂ ਅਤੇ ਧਰਮ ਦੇ ਹਨ" (ਹਿਜ਼ਕੀਏਲ 18:5)। ਫਿਰ ਉਸ ਨੇ ਪਾਪ ਅਤੇ ਔਗੁਣਾਂ ਦੀ ਇੱਕ ਲੰਮੀ ਸੂਚੀ ਸ਼ਾਮਲ ਕੀਤੀ ਜਿਨ੍ਹਾਂ ਨੂੰ ਇੱਕ ਧਰਮੀ ਵਿਅਕਤੀ ਨਹੀਂ ਕਰੇਗਾ (ਹਿਜ਼ਕੀਏਲ 18:6-8)। ਉਸ ਨੇ ਇਸ ਵੇਰਵੇ ਦਾ ਸਾਰ ਪੇਸ਼ ਕਰਦਿਆਂ ਆਖਿਆ, "[ਜਿਹੜਾ ਵਿਅਕਤੀ] ਮੇਰੀਆਂ ਬਿਧੀਆਂ ਤੇ ਤੁਰਿਆ ਅਤੇ ਮੇਰੇ ਹੁਕਮਾਂ ਦੀ ਪਾਲਨਾ ਕੀਤੀ ਤਾਂ ਜੋ ਸਚਾਈ ਨਾਲ ਕੰਮ ਚਲਾਵੇ, ਉਹ ਧਰਮੀ ਹੈ, ਪ੍ਰਭੂ ਯਹੋਵਾਹ ਦਾ ਵਾਕ ਹੈ, ਉਹ ਨਿਸਚੇ ਜੀਉਂਦਾ ਰਹੇਗਾ" (ਹਿਜ਼ਕੀਏਲ 18:9)। ਜ਼ਬੂਰ 1 ਦੇ ਲੇਖਕ ਨੇ ਧਰਮੀ ਵਿਅਕਤੀ ਦਾ ਵੇਰਵਾ ਦਿੰਦਿਆਂ ਆਖਿਆ ਕਿ ਉਹ ਪਰਮੇਸ਼ੁਰ ਦੀ "ਬਿਵਸਥਾ" ਉੱਤੇ ਧਿਆਨ ਕਰਦਾ ਹੈ ਅਤੇ ਉਸ ਦੇ ਅਨੁਸਾਰ ਜੀਵਨ ਬਤੀਤ ਕਰਦਾ ਹੈ। ਅਜਿਹਾ ਵਿਅਕਤੀ "ਧੰਨ" ਹੁੰਦਾ ਹੈ; ਉਹ ਅਜਿਹਾ ਵਿਅਕਤੀ ਹੁੰਦਾ ਹੈ ਜਿਸ ਨੂੰ ਯਹੋਵਾਹ "ਜਾਣਦਾ" ਹੈ (יָדַע, *ਯਾਦਾਹ*, "ਪਰਵਾਨਗੀ ਦਿੰਦਾ ਹੈ"[9]); ਅਤੇ ਉਹ ਉਸ ਦੁਸ਼ਟ ਵਿਅਕਤੀ ਦੇ ਉਲਟ ਹੈ ਜਿਹੜਾ ਭੋਹ ਵਾਂਗ "ਨਾਸ" ਹੋ ਜਾਂਦਾ ਹੈ (ਜ਼ਬੂਰ 1:1, 2, 6)।

ਪਰਮੇਸ਼ੁਰ ਨੇ ਅਬਰਾਹਾਮ ਦੀ ਨਿਹਚਾ ਨੂੰ ਇਸ ਕਰਕੇ ਧਰਮ ਨਹੀਂ ਗਿਣਿਆ ਕਿਉਂਕਿ ਉਸ ਦੇ ਕੰਮ ਅਤੇ ਚਰਿੱਤਰ ਅਜਿਹੇ ਪ੍ਰਤੀਫਲ ਦੇ ਹੱਕਦਾਰ ਸਨ। ਉਤਪਤ 11:26–15:6 ਵਿਚਲੀਆਂ ਘਟਨਾਵਾਂ ਦੇ ਕ੍ਰਮ ਵਿੱਚ ਅਸੀਂ ਵੇਖਦੇ ਹਾਂ ਕਿ ਉਸ ਦੇ ਚਰਿੱਤਰ ਵਿੱਚ ਅਜਿਹਾ ਕੁਝ ਵੀ ਨਹੀਂ ਹੈ ਜਿਸ ਦੇ ਦੁਆਰਾ ਉਹ ਪਰਮੇਸ਼ੁਰ ਦੇ ਸਾਹਮਣੇ "ਧਰਮ" ਦੀ ਪ੍ਰਾਪਤੀ ਕਰ ਸਕਦਾ ਸੀ। ਸਗੋਂ ਇਹ "ਧਰਮ" (ਪਰਮੇਸ਼ੁਰ ਦੇ ਨਾਲ ਸਹੀ ਸੰਬੰਧ ਦੇ ਰੂਪ ਵਿੱਚ) ਤਾਂ ਅਬਰਾਹਾਮ ਦੀ ਨਿਹਚਾ (ਭਰੋਸੇ) ਦੇ ਕਾਰਣ ਪਰਮੇਸ਼ੁਰ ਵੱਲੋਂ ਉਸ ਨੂੰ ਦਿੱਤਾ ਗਿਆ ਇੱਕ ਤੋਹਫਾ ਸੀ। ਨਿਸ਼ਚਿਤ ਤੌਰ 'ਤੇ ਅਜਿਹਾ ਨਹੀਂ ਸੀ ਕਿ ਉਸ ਨੇ ਆਪਣੇ ਚੰਗੇ ਕੰਮਾਂ ਸਦਕਾ ਪਰਮੇਸ਼ੁਰ ਨੂੰ ਆਪਣਾ ਕਰਜਾਈ ਬਣਾ ਲਿਆ ਸੀ ਜਾਂ ਧਰਮੀ ਬਣ ਕੇ ਉਸ ਨੇ ਪਰਮੇਸ਼ੁਰ ਵੱਲੋਂ ਪਰਵਾਨਗੀ ਪ੍ਰਾਪਤ ਕੀਤੀ ਸੀ (ਰੋਮੀਆਂ 3:21-28; 4:1-8; 5:17)।

# ਨੇਮ ਦੀ ਤਿਆਰੀ (15:7–11)

**7ਅਤੇ ਉਸ ਨੇ ਉਹ ਨੂੰ ਆਖਿਆ, ਮੈਂ ਯਹੋਵਾਹ ਹਾਂ ਜੋ ਤੈਨੂੰ ਕਸਦੀਆਂ ਦੇ ਊਰ ਤੋਂ ਕੱਢ ਲੈ
ਆਇਆ ਹਾਂ ਤਾਂਜੋ ਮੈਂ ਤੈਨੂੰ ਇਹ ਧਰਤੀ ਤੇਰੀ ਮਿਲਖ ਹੋਣ ਲਈ ਦਿਆਂ। 8ਤਾਂ ਉਸ ਨੇ ਆਖਿਆ,
ਹੇ ਪ੍ਰਭੂ ਯਹੋਵਾਹ ਮੈਂ ਕਿਸ ਤਰਾਂ ਜਾਣਾਂ ਕਿ ਮੈਂ ਉਹ ਨੂੰ ਮਿਲਖ ਵਿੱਚ ਲਵਾਂਗਾ? 9ਤਾਂ ਉਸ ਨੇ ਉਹ
ਨੂੰ ਆਖਿਆ, ਮੇਰੇ ਲਈ ਇੱਕ ਤਿੰਨਾਂ ਵਰਿਹਾਂ ਦੀ ਵਹਿੜ ਅਰ ਇੱਕ ਤਿੰਨਾਂ ਵਰਿਹਾਂ ਦੀ ਬੱਕਰੀ
ਅਰ ਇੱਕ ਤਿੰਨਾਂ ਵਰਿਹਾਂ ਦਾ ਛੱਤ੍ਰਾ ਅਰ ਇੱਕ ਘੁੱਗੀ ਅਰ ਇੱਕ ਕਬੂਤਰ ਦਾ ਬੱਚਾ ਲੈ। 10ਤਾਂ
ਉਹ ਉਸ ਦੇ ਲਈ ਏਹ ਸਭ ਲੈ ਆਇਆ ਅਤੇ ਉਨ੍ਹਾਂ ਦੇ ਦੋ ਦੋ ਟੋਟੇ ਕੀਤੇ ਅਤੇ ਉਸ ਨੇ ਇੱਕ ਟੋਟੇ
ਨੂੰ ਦੂਜੇ ਦੇ ਸਾਹਮਣੇ ਰੱਖਿਆ ਪਰ ਪੰਛੀਆਂ ਦੇ ਟੋਟੇ ਨਾ ਕੀਤੇ। 11ਜਦ ਸ਼ਿਕਾਰੀ ਪੰਖੇਰੂ ਉਨ੍ਹਾਂ
ਲੋਥਾਂ ਉੱਤੇ ਉਤਰੇ ਤਦ ਅਬਰਾਮ ਨੇ ਉਨ੍ਹਾਂ ਨੂੰ ਹਟਾਇਆ।**

ਪਰਮੇਸ਼ੁਰ ਨੇ ਅਬਰਾਹਾਮ ਦੇ ਨਾਲ ਅਦਭੁਤ ਵਾਇਦੇ ਕੀਤੇ ਸਨ – ਉਹ ਇੰਨੇ ਅਦਭੁਤ ਸਨ ਕਿ ਉਸ ਦੇ ਲਈ ਇਨ੍ਹਾਂ ਨੂੰ ਸਵੀਕਾਰ ਕਰਨਾ ਔਖਾ ਹੋ ਗਿਆ ਸੀ। ਆਪਣੇ ਵਾਇਦੇ ਅਤੇ ਜਿਸ ਦੇ ਨਾਲ ਉਸ ਨੇ ਇਹ ਵਾਇਦੇ ਕੀਤੇ ਸਨ ਉਸ ਦੇ ਪ੍ਰਤੀ ਆਪਣੇ ਵਫ਼ਾਦਾਰ ਸੰਬੰਧ ਦੀ ਗਰੰਟੀ ਵਜੋਂ ਪਰਮੇਸ਼ੁਰ ਨੇ ਇੱਕ ਅਜੋਕੀ ਰਸਮ ਦੇ ਨਾਲ ਬਾਈਬਲ ਦੇ ਇਸ ਨਾਇਕ ਦੇ ਨਾਲ ਇੱਕ ਨੇਮ ਬੰਨ੍ਹਿਆ।

**ਆਇਤ 7.** 15:7-11 ਵਿੱਚ ਅਬਰਾਹਾਮ ਦੇ ਨਾਲ ਬੰਨ੍ਹੇ ਗਏ ਨੇਮ ਦੀ ਭੂਮਿਕਾ ਅਬਰਾਹਾਮ ਦੀ ਅੰਸ ਨੂੰ ਸੀਨਈ ਪਹਾੜ ਉੱਤੇ ਦਿੱਤੇ ਗਏ ਮੂਸਾ ਦੇ ਨੇਮ/ਦਸ ਹੁਕਮਾਂ ਦੀ ਨੀਂਹ ਰੱਖਦੀ ਹੈ (ਕੂਚ 20:1, 2)। ਪਰਮੇਸ਼ੁਰ ਨੇ ਅਬਰਾਹਾਮ ਨੇ ਨਾਲ ਆਪਣੇ ਨੇਮ ਦੇ ਅਰੰਭ ਵਿੱਚ ਆਪਣੇ ਆਪ ਨੂੰ **ਯਹੋਵਾਹ** (יהוה, *ਯਾਹਵੇਹ*) ਆਖਿਆ। ਇਸ ਤੋਂ ਬਾਅਦ ਪਰਮੇਸ਼ੁਰ ਨੇ ਉਹ ਸਭ ਦੁਹਰਾਇਆ ਜੋ ਉਸ ਨੇ ਅਬਰਾਹਾਮ ਦੇ ਲਈ ਕੀਤਾ ਸੀ। ਪਰਮੇਸ਼ੁਰ ਨੇ ਆਖਿਆ ਕਿ ਮੈਂ **ਤੈਨੂੰ ਕਸਦੀਆਂ ਦੇ ਊਰ ਤੋਂ ਕੱਢ ਲੈ ਆਇਆ ਹਾਂ ਤਾਂਜੋ ਮੈਂ ਤੈਨੂੰ ਇਹ ਧਰਤੀ ਤੇਰੀ ਮਿਲਖ ਹੋਣ ਲਈ ਦਿਆਂ** (ਵੇਖੋ 11:31; ਰਸੂਲਾਂ 7:2-4)।

**ਆਇਤ 8.** ਇਸ ਮੌਕੇ ’ਤੇ ਅਬਰਾਹਾਮ ਨੇ ਜਵਾਬ ਵਿੱਚ ਪਰਮੇਸ਼ੁਰ ਅੱਗੇ ਇੱਕ ਬੇਨਤੀ ਕੀਤੀ। **ਉਸ ਨੇ ਆਖਿਆ, ਹੇ ਪ੍ਰਭੂ ਯਹੋਵਾਹ ਮੈਂ ਕਿਸ ਤਰਾਂ ਜਾਣਾਂ ਕਿ ਮੈਂ ਉਹ ਨੂੰ ਮਿਲਖ ਵਿੱਚ ਲਵਾਂਗਾ?** ਉਹ ਕਿਸੇ ਨਾ ਕਿਸੇ ਤਰ੍ਹਾਂ ਦਾ ਪੱਕਾ ਪ੍ਰਮਾਣ ਚਾਹੁੰਦਾ ਸੀ ਕਿ ਇੱਕ ਦਿਨ ਉਹ ਸੱਚਮੁੱਚ ਸਾਰੇ ਦੇਸ ਦਾ ਮਾਲਕ ਬਣੇਗਾ (ਵੇਖੋ 15:12-16)।

**ਆਇਤ 9.** ਪਰਮੇਸ਼ੁਰ ਨੇ ਅਬਰਾਹਾਮ ਨੂੰ ਆਖਿਆ ਕਿ ਕੁਰਬਾਨੀ ਲਈ ਕੁਝ ਪਸ਼ੂ ਅਤੇ ਪੰਛੀ ਤਿਆਰ ਕਰੇ। ਇਹ ਉਹ ਪ੍ਰਾਣੀ ਸਨ ਜਿਨ੍ਹਾਂ ਨੂੰ ਬਾਅਦ ਵਿੱਚ ਮੂਸਾ ਦੀ ਸ਼ਰਾ ਦੇ ਅਨੁਸਾਰ ਭੇਟਾਂ ਚੜ੍ਹਾਉਣ ਲਈ ਨਿਰਧਾਰਿਤ ਕੀਤਾ ਜਾਣਾ ਸੀ। ਯਹੋਵਾਹ ਨੇ ਅਬਰਾਹਾਮ ਨੂੰ **ਇੱਕ ਵਹਿੜ, ਇੱਕ ਬੱਕਰੀ, ਇੱਕ ਛੱਤ੍ਰਾ, ਇੱਕ ਘੁੱਗੀ** ਅਤੇ **ਇੱਕ ਕਬੂਤਰ ਦਾ ਬੱਚਾ** ਲਿਆਉਣ ਲਈ ਆਖਿਆ। ਪਸ਼ੂਆਂ ਵਿੱਚੋਂ ਹਰੇਕ **ਤਿੰਨਾਂ ਵਰਿਹਾਂ** ਦਾ ਹੋਣਾ ਸੀ, ਜੋ “ਉੱਚੇ ਮੁੱਲ ਦੀ ਸਭ ਤੋਂ ਵਧੀਆ ਉਮਰ”[10] ਦਾ ਸੰਕੇਤ ਹੈ। ਧਨਵਾਨ ਹੋਣ ਕਰਕੇ ਅਬਰਾਹਾਮ ਅਜਿਹੀ ਕੁਰਬਾਨੀ ਅਸਾਨੀ ਨਾਲ ਦੇ ਸਕਦਾ ਸੀ।

**ਆਇਤ 10.** ਅਬਰਾਹਾਮ ਨੇ ਪਸ਼ੂਆਂ ਦੇ **ਦੋ ਦੋ ਟੋਟੇ ਕੀਤੇ** ਅਤੇ ਉਨ੍ਹਾਂ ਨੂੰ ਯਹੋਵਾਹ ਅੱਗੇ ਪੇਸ਼ ਕੀਤਾ, ਪਰ **ਪੰਛੀਆਂ** ਨੂੰ ਸਬੂਤਾ ਹੀ ਲਿਆਂਦਾ। “ਨੇਮ ਬੰਨ੍ਹਣ” ਦਾ ਇਬਰਾਨੀ ਵਿੱਚ ਸ਼ਾਬਦਿਕ ਅਰਥ ਹੈ “ਨੇਮ ਨੂੰ ਕੱਟਣਾ [כָּרַת, *ਕਾਰਾਥ*]” (15:18)। ਅਜਿਹੇ ਵੇਰਵੇ ਦਾ ਕਾਰਣ ਇਹ ਹੋ ਸਕਦਾ ਹੈ ਕਿ ਕੁਰਬਾਨੀ ਦੇ ਸਾਰੇ ਪ੍ਰਾਣੀਆਂ ਦੀਆਂ ਧੌਣਾਂ ਕੱਟੀਆਂ ਜਾਂਦੀਆਂ ਸਨ ਅਤੇ

ਕੁਝ ਨੂੰ ਨੇਮ ਦੀਆਂ ਰਸਮਾਂ ਲਈ ਦੋ ਟੋਟਿਆਂ ਵਿੱਚ ਕੱਟਿਆ ਜਾਂਦਾ ਸੀ।

"ਨੇਮ ਨੂੰ ਕੱਟੇ ਜਾਣ" ਦਾ ਸਿਰਫ ਇੱਕ ਹੋਰ ਉਦਾਹਰਣ ਯਿਰਮਿਯਾਹ 34:18, 19 ਵਿੱਚ ਵੇਖਿਆ ਜਾ ਸਕਦਾ ਹੈ, ਜੋ ਉਸ ਘਟਨਾ ਦਾ ਵੇਰਵਾ ਪੇਸ਼ ਕਰਦਾ ਹੈ ਜਿਹੜੀ 588-586 ਈ.ਪੂ. ਵਿੱਚ ਬੇਬੀਲੋਨ ਦੀ ਫੌਜ ਦੁਆਰਾ ਯਰੂਸ਼ਲਮ ਦੀ ਘੇਰਾਬੰਦੀ ਦੇ ਦੌਰਾਨ ਵਾਪਰੀ ਸੀ। ਨਗਰ ਦੇ ਹਾਲਾਤ ਬਦਤਰ ਸਨ ਅਤੇ ਗੁਲਾਮਾਂ ਦੇ ਮਾਲਕ ਚਾਹੁੰਦੇ ਸਨ ਕਿ ਉਨ੍ਹਾਂ ਦੇ ਗੁਲਾਮ ਨਗਰ ਦੀ ਰੱਖਿਆ ਕਰਨ ਵਿੱਚ ਉਨ੍ਹਾਂ ਦੀ ਮਦਦ ਕਰਨ। ਇਸ ਕਰਕੇ ਉਹ ਇਬਰਾਨੀ ਗੁਲਾਮਾਂ, ਪੁਰਸ਼ਾਂ ਅਤੇ ਇਸਤਰੀਆਂ ਦੋਹਾਂ, ਨੂੰ ਅਜ਼ਾਦ ਕਰਨ ਲਈ ਰਾਜੀ ਹੋ ਗਏ। ਉਨ੍ਹਾਂ ਨੇ ਇੱਕ ਪਵਿੱਤਰ ਨੇਮ ਬੰਨ੍ਹਿਆ, ਉਸ ਨੂੰ ਇੱਕ ਰਸਮ ਨਾਲ ਮੋਹਰਬੰਦ ਕੀਤਾ ਜਿਸ ਵਿੱਚ ਇੱਕ ਵੱਛੇ ਦੇ ਦੋ ਟੋਟੇ ਕੀਤੇ ਗਏ ਅਤੇ ਉਨ੍ਹਾਂ ਟੋਟਿਆਂ ਦੇ ਵਿਚਕਾਰੋਂ ਲੰਘਿਆ ਗਿਆ। ਇਸ ਰਸਮ ਵਿੱਚ ਨਗਰ ਦੇ ਸਾਰੇ ਆਗੂਆਂ ਨੇ ਹਿੱਸਾ ਲਿਆ, ਜਿਸ ਵਿੱਚ ਯਹੂਦਾਹ ਅਤੇ ਯਰੂਸ਼ਲਮ ਦੇ ਅਧਕਾਰੀ, ਰਾਜ ਦਰਬਾਰ ਦੇ ਮੰਤਰੀ, ਜਾਜਕ ਅਤੇ ਪਰਜਾ ਸ਼ਾਮਲ ਸਨ। ਕੁਰਬਾਨ ਕੀਤੇ ਗਏ ਪਸ਼ੂ ਦੀ ਲੋਥ ਦੇ ਟੋਟਿਆਂ ਵਿੱਚੋਂ ਦੀ ਲੰਘਦਿਆਂ ਉਹ ਆਪਣੇ ਉੱਤੇ ਇੱਕ ਸਰਾਪ ਬੋਲ ਰਹੇ ਸਨ ਜਿਹੜਾ ਤਦ ਉਨ੍ਹਾਂ ਉੱਤੇ ਆਣ ਪਵੇਗਾ ਜੇਕਰ ਉਹ ਗੁਲਾਮਾਂ ਨੂੰ ਅਜ਼ਾਦ ਕਰਨ ਦੇ ਵਾਇਦੇ ਨੂੰ ਪੂਰਾ ਨਹੀਂ ਕਰਦੇ। ਜੇਕਰ ਉਹ ਨੇਮ ਦੀ ਉਲੰਘਣਾ ਕਰਦੇ ਤਾਂ ਉਨ੍ਹਾਂ ਦੇ ਨਾਲ ਵੀ ਉਹੋ ਹੋਣਾ ਸੀ ਜੋ ਕੁਰਬਾਨ ਕੀਤੇ ਗਏ ਪਸ਼ੂ ਦੀ ਲੋਥ ਨਾਲ ਹੋਇਆ ਸੀ। ਇੱਕ ਭਾਵ ਨਾਲ ਉਹ ਆਖ ਰਹੇ ਸਨ, "ਜੇਕਰ ਅਸੀਂ ਆਪਣੇ ਵਾਇਦੇ ਦੀ ਪੂਰਤੀ ਨਹੀਂ ਕਰਦੇ ਤਾਂ ਸਾਡੇ ਨਾਲ ਵੀ ਇਸ ਪਸ਼ੂ ਜਿਹਾ ਹੀ ਹੋਵੇ।"

ਜਦ ਇਸ ਘਿਰੇ ਹੋਏ ਨਗਰ ਨੂੰ ਬਚਾਉਣ ਦਾ ਬੇਕਾਰ ਜਤਨ ਕਰਦਿਆਂ ਫਿਰਊਨ ਹੋਫਰਾ ਯਹੂਦਾਹ ਵਿੱਚ ਆਪਣੀ ਫੌਜ ਲੈ ਕੇ ਆਇਆ, ਤਾਂ ਬੇਬੀਲੋਨ ਦੀ ਫੌਜ ਨੇ ਕੁਝ ਸਮੇਂ ਲਈ ਨਗਰ ਦੀ ਘੇਰਾਬੰਦੀ ਛੱਡ ਦਿੱਤੀ ਤਾਂ ਜੋ ਜਾ ਕੇ ਮਿਸਰੀਆਂ ਨਾਲ ਯੁੱਧ ਲੜਨ। ਜਦ ਇਹ ਹੋਇਆ ਤਾਂ ਯਹੂਦੀ ਗੁਲਾਮਾਂ ਦੇ ਹਰੇਕ ਮਾਲਕ ਨੇ ਆਪਣੇ-ਆਪਣੇ ਗੁਲਾਮਾਂ ਨੂੰ ਵਾਪਿਸ ਆਪਣੇ ਕਬਜ਼ੇ ਵਿੱਚ ਲੈ ਲਿਆ ਅਤੇ ਉਸ ਸੌਂਹ ਨੂੰ ਭੰਗ ਕਰ ਦਿੱਤਾ ਜਿਹੜੀ ਉਨ੍ਹਾਂ ਨੇ ਯਹੋਵਾਹ ਦੇ ਸਾਹਮਣੇ ਚੁੱਕੀ ਸੀ; ਇਸ ਕਰਕੇ ਪਰਮੇਸ਼ੁਰ ਨੇ ਐਲਾਨ ਕੀਤਾ ਕਿ ਉਨ੍ਹਾਂ ਨੂੰ "ਤਲਵਾਰ, ਕਾਲ ਅਤੇ ਬਵਾ" ਦੇ ਹਵਾਲੇ ਕਰ ਦਿੱਤਾ ਜਾਵੇਗਾ (ਯਿਰਮਿਯਾਹ 34:15-17)। ਉਸ ਨੇ ਵਾਇਦਾ ਕੀਤਾ ਕਿ ਉਹ "ਓਹਨਾਂ ਨੂੰ ਓਹਨਾਂ ਦੇ ਵੈਰੀਆਂ ਦੇ ਹੱਥ ਵਿੱਚ ਅਤੇ ਓਹਨਾਂ ਦੀ ਜਾਨ ਲੇਵਿਆਂ ਦੇ ਹੱਥ ਵਿੱਚ ਦੇ ਦੇਵੇਗਾ" (ਯਿਰਮਿਯਾਹ 34:20)। ਜੇਕਰ ਪਰਮੇਸ਼ੁਰ ਦੀ ਪਰਜਾ ਦੇ ਆਗੂਆਂ ਨੇ ਆਪਣੇ ਦਿਲ ਐਨੇ ਕਠੋਰ ਕਰ ਲਏ ਸਨ ਕਿ ਉਹ ਆਪਣੇ ਲੋਕਾਂ – ਇਬਰਾਨੀ ਪੁਰਸ਼ਾਂ ਅਤੇ ਇਸਤਰੀਆਂ – ਦੇ ਨਾਲ ਯਹੋਵਾਹ ਦੇ ਨਾਮ ਵਿੱਚ ਸੌਂਹ ਚੁੱਕਣ ਤੋਂ ਬਾਅਦ ਵੀ ਐਨਾ ਭੈੜਾ ਵਿਹਾਰ ਕਰ ਰਹੇ ਸਨ, ਤਾਂ ਇਸ ਗੱਲ ਦੀ ਕੋਈ ਉਮੀਦ ਬਾਕੀ ਨਹੀਂ ਰਹਿ ਗਈ ਸੀ ਕਿ ਉਹ ਆਪਣੇ ਪਾਪਾਂ ਤੋਂ ਕਦੇ ਵੀ ਤੋਬਾ ਕਰਨਗੇ। ਇਸੇ ਕਰਕੇ ਯਹੋਵਾਹ ਨੇ ਨਾ ਚਾਹੁੰਦੇ ਹੋਏ ਵੀ ਸਾਰੀ ਕੌਮ ਨੂੰ ਤਲਵਾਰ, ਬਵਾ ਅਤੇ ਕਾਲ ਨਾਲ ਨਾਸ ਹੋਣ ਦਿੱਤਾ। ਜਿਸ ਬਕੀਏ ਨੂੰ ਕੈਦ ਕਰਕੇ ਲਿਜਾਇਆ ਗਿਆ ਉਨ੍ਹਾਂ ਨੇ ਇਹ ਸਬਕ ਸਿੱਖਣਾ ਸੀ ਕਿ ਹੁਣ ਉਹ ਮੂਰਤੀ ਪੂਜਾ ਨੂੰ ਅਤੇ ਹਰ ਤਰ੍ਹਾਂ ਬੁਰਿਆਈ ਨੂੰ ਆਪਣੇ ਢੀਠਪੁਣੇ ਵਿੱਚ ਜਾਰੀ ਨਹੀਂ ਰੱਖ ਸਕਦੇ।

ਬਾਈਬਲ ਤੋਂ ਬਾਹਰ ਵੀ ਪੁਰਾਤਨ ਮੱਧ ਪੂਰਬ ਦੀਆਂ ਸੰਧੀਆਂ ਵਿੱਚ "ਨੇਮ ਨੂੰ ਕੱਟੇ ਜਾਣ" ਦੇ ਉਦਾਹਰਣ ਮਿਲਦੇ ਹਨ। ਅੱਠਵੀ ਸਦੀ ਈਸਾ ਪੂਰਬ ਦੇ ਇੱਕ ਉਦਾਹਰਣ ਵਿੱਚ ਸੰਧੀ ਨੂੰ ਸਥਾਪਿਤ ਕਰਨ ਲਈ ਇੱਕ ਲੇਲਾ ਲਿਆਇਆ ਗਿਆ ਅਤੇ ਉਸ ਦੀ ਧੌਣ ਵੱਢ ਕੇ ਸਿਰ ਲਾਹ ਦਿੱਤਾ ਗਿਆ। ਸੰਧੀ ਦੇ ਦਸਤਾਵੇਜ਼ ਵਿੱਚ ਲਿਖਿਆ ਸੀ: "ਇਹ ਸਿਰ ਲੇਲੇ ਦਾ ਸਿਰ ਨਹੀਂ ਹੈ, ਇਹ ਮਾਟੀਈਲੁ ਦਾ ਸਿਰ ਹੈ, ਉਹ ਉਸ ਦੇ ਪੁੱਤਰਾਂ, ਉਸ ਦੇ ਅਧਕਾਰੀਆਂ ਅਤੇ ਉਸ ਦੇ ਦੇਸ ਦੀ

ਪਰਜਾ ਦਾ ਸਿਰ ਹੈ। ਜੇਕਰ ਮਾਟੀਈਲੁ ਇਸ ਸੰਧੀ ਨੂੰ ਭੰਗ ਕਰਦਾ ਹੈ, ਤਾਂ . . . ਮਾਟੀਈਲੁ ਅਤੇ ਉਸ ਦੇ ਪੁੱਤਰਾਂ ਦੇ ਸਿਰ ਵੀ ਇਸੇ ਤਰ੍ਹਾਂ ਵੱਢੇ ਜਾਣਗੇ।"[11] ਉਸੇ ਸਮੇਂ ਦੇ ਇੱਕ ਹੋਰ ਦਸਤਾਵੇਜ਼ ਵਿੱਚ ਵੀ ਲਿਖਿਆ ਗਿਆ ਹੈ ਕਿ ਸੰਧੀ ਤੋੜਣ ਵਾਲੇ ਨਾਲ ਕੀ ਕੀਤਾ ਜਾਵੇਗਾ। ਇਸ ਵਿੱਚ ਲਿਖਿਆ ਹੈ, "[ਜਿਵੇਂ] ਇਸ ਵੱਛੇ ਨੂੰ ਵੱਢਿਆ ਗਿਆ ਹੈ, ਉਸ ਤਰ੍ਹਾਂ ਮਾਟੀਏਲ ਅਤੇ ਉਸ ਦੇ ਸਾਮੰਤਾਂ ਨੂੰ ਵੀ ਵੱਢਿਆ ਜਾਵੇਗਾ।"[12]

**ਆਇਤ 11.** ਅਬਰਾਹਾਮ ਵੱਲੋਂ ਪਸ਼ੂਆਂ ਅਤੇ ਪੰਛੀਆਂ ਨੂੰ ਵੱਢੇ ਜਾਣ ਦੀ ਰਸਮ ਦਾ ਅੰਤ ਇਸ ਵਾਕ ਨਾਲ ਹੁੰਦਾ ਹੈ ਕਿ **ਸ਼ਿਕਾਰੀ ਪੰਖੇਰੂ . . . ਉਤਰੇ**। ਪਰਤੱਖ ਤੌਰ 'ਤੇ ਇਹ ਪੰਛੀ **ਉਨ੍ਹਾਂ ਲੋਥਾਂ ਉੱਤੇ** ਮਾਸ ਖਾਣ ਲਈ ਉੱਤਰੇ ਸਨ, ਪਰ **ਅਬਰਾਮ ਨੇ ਉਨ੍ਹਾਂ ਨੂੰ ਹਟਾਇਆ**। ਪੁਰਾਣੇ ਨੇਮ ਵਿੱਚ ਹੋਰਨਾਂ ਥਾਂਵਾਂ 'ਤੇ ਅਸ਼ੁੱਧ ਪੰਛੀ ਵਿਦੇਸ਼ੀ ਕੌਮਾਂ ਦੇ ਪ੍ਰਤੀਕ ਦਰਸਾਏ ਗਏ ਹਨ (ਹਿਜ਼ਕੀਏਲ 17:3, 7; ਜ਼ਕਰਯਾਹ 5:9; ਵੇਖੋ ਲੇਵੀਆਂ 11:13-19; ਬਿਵਸਥਾ ਸਾਰ 14:12-19)। ਇਸ ਕਰਕੇ ਕੁਝ ਲੋਕਾਂ ਨੇ ਸੁਝਾਉ ਦਿੱਤਾ ਹੈ ਕਿ ਇੱਥੇ ਕੁਰਬਾਨੀ ਦੇ ਪਸ਼ੂ ਇਸਰਾਏਲ ਰਾਸ਼ਟਰ ਨੂੰ ਦਰਸਾਉਂਦੇ ਹਨ ਅਤੇ ਇੱਕ ਭਾਵ ਨਾਲ ਅਬਰਾਹਾਮ ਪਰਾਈਆਂ ਕੌਮਾਂ ਦੇ ਹਮਲੇ ਤੋਂ ਆਪਣੀ ਭਾਵੀ ਅੰਸ ਦੀ ਰੱਖਿਆ ਕਰ ਰਿਹਾ ਸੀ। ਸ਼ਾਇਦ ਇਹ ਵੇਰਵਾ ਅਬਰਾਹਾਮ ਦੇ ਉਦੇਸ਼ ਅਤੇ ਕੰਮ ਦੀ ਜ਼ਰੂਰਤ ਤੋਂ ਜ਼ਿਆਦਾ ਵਿਆਖਿਆ ਕਰ ਰਿਹਾ ਹੈ। ਸ਼ਾਇਦ ਇਸ ਨਾਲੋਂ ਵਧੇਰੇ ਇਹ ਸਿਰਫ ਉਸ ਆਮ ਦ੍ਰਿਸ਼ ਨੂੰ ਦਰਸਾਉਂਦਾ ਹੈ ਕਿ ਜਦੋਂ ਮੁਰਦਾ ਪਸ਼ੂਆਂ ਨੂੰ ਜ਼ਮੀਨ ਉੱਤੇ ਛੱਡ ਦਿੱਤਾ ਜਾਂਦਾ ਹੈ ਤਾਂ ਕੁਦਰਤ ਵਿੱਚ ਕੀ ਹੋਵੇਗਾ। ਸ਼ਿਕਾਰੀ ਪੰਛੀ ਸੁਭਾਵਕ ਤੌਰ 'ਤੇ ਹੀ ਇਨ੍ਹਾਂ ਵੱਲ ਖਿੱਚੇ ਆਉਣਗੇ ਅਤੇ ਕੋਈ ਵੀ ਭਗਤ ਇਹ ਨਿਸ਼ਚਿਤ ਕਰੇਗਾ ਕਿ ਉਹ ਇਨ੍ਹਾਂ ਸ਼ਿਕਾਰੀ ਪੰਛੀਆਂ ਨੂੰ ਕੁਰਬਾਨੀ ਦੇ ਪਸ਼ੂ ਦਾ ਮਾਸ ਖਾਣ ਤੋਂ ਰੋਕੇ, ਜਿਨ੍ਹਾਂ ਦੀ ਵਰਤੋਂ ਯਹੋਵਾਹ ਦੇ ਹੁਕਮ ਦੀ ਪੂਰਤੀ ਵਜੋਂ ਕੀਤੀ ਜਾ ਰਹੀ ਹੈ।

## ਨੇਮ ਦੀ ਨਬੂਵਤ (15:12-16)

**12ਜਾਂ ਸੂਰਜ ਡੁੱਬਣ ਲੱਗਾ ਤਾਂ ਗੂੜ੍ਹੀ ਨੀਂਦਰ ਅਬਰਾਮ ਉੱਤੇ ਆ ਪਈ ਅਤੇ ਵੇਖੋ ਇੱਕ ਵੱਡਾ ਡਰਾਉਣਾ ਅਨ੍ਹੇਰਾ ਉਹ ਦੇ ਉੱਤੇ ਛਾ ਗਿਆ। 13ਉਹ ਨੇ ਅਬਰਾਮ ਨੂੰ ਆਖਿਆ, ਤੂੰ ਸੱਚ ਜਾਣ ਭਈ ਤੇਰੀ ਅੰਸ ਇੱਕ ਦੇਸ ਵਿੱਚ ਜਿਹੜਾ ਉਨ੍ਹਾਂ ਦਾ ਨਹੀਂ ਹੈ ਪਰਦੇਸੀ ਹੋਊਗੀ ਅਤੇ ਉਨ੍ਹਾਂ ਦੀ ਗ਼ੁਲਾਮੀ ਕਰੇਗੀ ਅਰ ਓਹ ਉਨ੍ਹਾਂ ਨੂੰ ਚਾਰ ਸੌ ਵਰਿਹਾਂ ਤੀਕ ਦੁਖ ਦੇਣਗੇ। 14ਅਤੇ ਉਸ ਕੌਮ ਦਾ ਵੀ ਜਿਹ ਦੀ ਉਹ ਗ਼ੁਲਾਮੀ ਕਰਨਗੇ ਮੈਂ ਨਿਆਉਂ ਕਰਾਂਗਾ ਅਤੇ ਇਹਦੇ ਮਗਰੋਂ ਓਹ ਵੱਡੇ ਮਾਲ ਧਨ ਨਾਲ ਨਿੱਕਲ ਆਉਣਗੇ। 15ਪਰ ਤੂੰ ਆਪਣੇ ਪਿਉ ਦਾਦਿਆਂ ਕੋਲ ਸ਼ਾਂਤੀ ਨਾਲ ਜਾਵੇਂਗਾ। 16ਤੂੰ ਚੰਗੇ ਬਿਰਧਪੁਣੇ ਵਿੱਚ ਦਫ਼ਨਾਇਆ ਜਾਵੇਂਗਾ ਅਤੇ ਚੌਥੀ ਪੀੜ੍ਹੀ ਵਿੱਚ ਓਹ ਐੱਧਰ ਫੇਰ ਮੁੜਨਗੇ ਕਿਉਂਜੋ ਅਮੋਰੀਆ ਦੀ ਬੁਰਿਆਈ ਅਜੇ ਪੂਰੀ ਨਹੀਂ ਹੋਈ।**

**ਆਇਤ 12.** ਜਦੋਂ **ਸੂਰਜ** ਡੁੱਬ ਰਿਹਾ ਸੀ, **ਗੂੜ੍ਹੀ ਨੀਂਦਰ** [תַּרְדֵּמָה, *ਥਾਰਡੀਮਾਹ*] **ਅਬਰਾਮ ਉੱਤੇ ਆ ਪਈ**। ਇਹ ਬਿਲਕੁਲ ਉਸੇ ਤਰ੍ਹਾਂ ਦੀ ਗੂੜ੍ਹੀ ਨੀਂਦ ਸੀ ਜਿਸ ਦਾ ਅਨੁਭਵ ਆਦਮ ਨੇ ਉਤਪਤ 2:21 ਵਿੱਚ ਕੀਤਾ ਸੀ ਅਤੇ ਇਹ ਉਹੀ ਸ਼ਬਦ ਹੈ ਜੋ ਹੋਰਨਾਂ ਥਾਵਾਂ ਤੇ ਸੁਫ਼ਨਿਆਂ, ਦਰਸ਼ਣਾਂ ਅਤੇ ਪਰਕਾਸ਼ਾਂ ਦੇ ਸੰਦਰਭ ਵਿੱਚ ਵਰਤਿਆ ਗਿਆ ਹੈ (ਅੱਯੂਬ 4:13; 33:15)। ਇਸ ਵਿਸ਼ੇਸ਼ ਉਦਾਹਰਣ ਵਿੱਚ, ਪੁਰਖੇ ਦੀ ਗੂੜ੍ਹੀ ਨੀਂਦ ਦੇ ਕਾਰਣ **ਇੱਕ ਵੱਡਾ ਡਰਾਉਣਾ ਅਨ੍ਹੇਰਾ ਉਹ ਦੇ ਉੱਤੇ ਛਾ ਗਿਆ**। ਬਾਈਬਲ ਵਿੱਚ ਲੋਕ ਅਕਸਰ ਪਰਮੇਸ਼ੁਰ ਦੀ ਹਜ਼ੂਰੀ ਵਿੱਚ ਦਹਿਲਾ ਦੇਣ ਵਾਲੀ ਭਾਵਨਾ ਦਾ ਅਨੁਭਵ ਕਰਦੇ ਸਨ। ਇਹ ਗੱਲ ਵਿਸ਼ੇਸ਼ ਕਰਕੇ

ਉਦੋਂ ਸੱਚ ਹੁੰਦੀ ਸੀ ਜਦੋਂ ਮਨ ਨੂੰ ਪਰੇਸ਼ਾਨ ਕਰਨ ਵਾਲੀ ਕੋਈ ਨਬੂਵਤ ਹੁੰਦੀ ਸੀ ਜੋ ਵਿਅਕਤੀਆਂ ਜਾਂ ਉਨ੍ਹਾਂ ਦੀ ਸੰਤਾਨ ਦੇ ਲਈ ਅੱਗੇ ਆਉਣ ਵਾਲੇ ਮੁਸ਼ਕਲ ਸਮਿਆਂ ਬਾਰੇ ਪਹਿਲਾਂ ਤੋਂ ਹੀ ਦੱਸ ਦਿੰਦੀ ਸੀ।

**ਆਇਤਾਂ 13, 14. ਪਰਮੇਸ਼ੁਰ** ਨੇ ਆਪਣੇ ਵਾਅਦੇ ਨੂੰ ਸਪੱਸ਼ਟ ਕੀਤਾ, ਅਬਰਾਹਾਮ ਨੂੰ ਇਹ ਭਰੋਸਾ ਦਿੰਦਿਆਂ ਕਿ ਉਸ ਦੀ ਸੰਤਾਨ ਕਨਾਨ ਦੇਸ ਤੇ ਕਬਜ਼ਾ ਜ਼ਰੂਰ ਕਰੇਗੀ। ਫਿਰ ਵੀ, ਉਹ **ਇੱਕ ਦੇਸ ਵਿੱਚ ਜਿਹੜਾ ਉਨ੍ਹਾਂ ਦਾ ਨਹੀਂ** [ਸੀ] **ਪਰਦੇਸੀ** (גֵּר, *ਤੌਂ*, "ਵਿਦੇਸ਼ੀ") ਹੋਣਗੇ। ਬਾਅਦ ਵਿੱਚ ਅਬਰਾਹਾਮ ਨੇ ਵੀ ਸਾਰਾਹ ਦੇ ਲਈ ਕਬਰਿਸਤਾਨ ਬਾਰੇ ਹਬਰੋਨ ਦੇ ਮਨੁੱਖਾਂ ਨਾਲ ਗੱਲ ਕਰਦਿਆਂ, ਕਨਾਨ ਵਿੱਚ ਉਸ ਦੀ ਆਪਣੀ ਸਥਿਤੀ ਬਾਰੇ ਇਹੀ ਸ਼ਬਦ (*ਜੇਰ*) ਵਰਤਿਆ ਸੀ (23:4)। ਇਹ ਸ਼ਬਦ ਬਾਕਾਇਦਾ ਉਨ੍ਹਾਂ ਵਿਦੇਸ਼ੀਆਂ (ਗੈਰ-ਜਾਤੀ ਲੋਕਾਂ) ਦਾ ਵਰਣਨ ਕਰਨ ਦੇ ਲਈ ਵੀ ਵਰਤਿਆ ਗਿਆ ਸੀ ਜਿਹੜੇ ਜਿੱਤ ਤੋਂ ਬਾਅਦ ਵਾਅਦੇ ਦੇ ਦੇਸ ਵਿੱਚ ਰਹਿੰਦੇ ਸਨ (ਲੇਵੀਆਂ 16:29; 17:8, 12, 15; 18:26; 19:10, 33, 34)। ਕਈਆਂ ਨੂੰ ਉਲਝਣ ਵਿੱਚ ਪਾਉਣ ਦੇ ਲਈ, ਅੱਜ ਦੇ ਦਿਨ ਤੀਕ, ਕਨਾਨ ਦੇ ਦੇਸ ਵਿੱਚ ਇਹੀ ਸ਼ਬਦ (*ਜੇਰ*) ਇਸਰਾਏਲੀਆਂ ਦੇ ਲਈ ਵਰਤਿਆ ਜਾਂਦਾ ਹੈ (ਲੇਵੀਆਂ 25:23; 1 ਇਤਹਾਸ 29:15)।

ਪਰਮੇਸ਼ੁਰ ਨੇ ਹਾਲੇ ਤੱਕ ਅਬਰਾਹਾਮ ਨੂੰ ਉਸ ਦੇਸ ਦਾ ਨਾਮ ਨਹੀਂ ਸੀ ਦੱਸਿਆ ਜਿੱਥੇ ਉਸ ਦੀ ਅੰਸ ਪਰਦੇਸੀਆਂ ਵਾਂਗ ਰਹੇਗੀ ਇਸ ਤੋਂ ਪਹਿਲਾਂ ਕਿ ਉਹ **ਗ਼ੁਲਾਮੀ ਕਰਨ ਅਤੇ ਚਾਰ ਸੌ ਵਰਿਹਾਂ ਤੀਕ ਦੁਖ ਭੋਗਣ** (15:16 ਤੇ ਟਿੱਪਣੀਆਂ ਵੇਖੋ)। ਨਾ ਹੀ ਯਹੋਵਾਹ ਨੇ ਉਸ ਨੂੰ ਉਹ ਤਰੀਕਾ ਜਿਸ ਨਾਲ ਉਹ ਉਨ੍ਹਾਂ ਨੂੰ ਦੁਖ ਦੇਣ ਵਾਲੀ **ਕੌਮ** ਦਾ **ਨਿਆਉਂ** ਕਰਨਗੇ (ਵੇਖੋ ਕੂਚ 7–11; 14) ਨਾ ਹੀ ਉਨ੍ਹਾਂ ਹਾਲਾਤਾਂ ਬਾਰੇ ਦੱਸਿਆ ਸੀ ਜਿਨ੍ਹਾਂ ਦੇ ਫਲਸਰੂਪ ਉਹ **ਵੱਡੇ ਮਾਲ ਧਨ** ਨਾਲ ਉੱਥੋਂ ਨਿੱਕਲਣਗੇ (ਵੇਖੋ ਕੂਚ 12:35, 36)। ਹੋ ਸਕਦਾ ਹੈ, ਉਸ ਦੇ ਹਾਲ ਹੀ ਦੇ ਅਨੁਭਵ ਦੇ ਕਾਰਣ ਅਬਰਾਹਾਮ ਨੇ ਕਲਪਨਾ ਕੀਤੀ ਹੋਵੇ ਕਿ ਮਿਸਰ ਦੁਖ ਦੇਣ ਵਾਲਾ ਦੇਸ ਹੋਵੇਗਾ ਜਿਸ ਵਿੱਚੋਂ ਉਸ ਦੀ ਅੰਸ ਵੱਡੇ ਮਾਲ ਧਨ ਨਾਲ ਨਿੱਕਲੇਗੀ, ਫਿਰ ਵੀ, ਮੂਲ ਲਿਖਤ ਵਿੱਚ ਇਸ ਦਾ ਕੋਈ ਸੰਕੇਤ ਨਹੀਂ ਦਿੱਤਾ ਗਿਆ ਹੈ।

**ਆਇਤ 15.** ਪਰਮੇਸ਼ੁਰ ਨੇ ਇਸ ਗੱਲ ਦਾ ਖੁਲਾਸਾ ਕੀਤਾ ਕਿ ਉਸ ਦੀ ਸੰਤਾਨ ਤੋਂ ਭਿੰਨ, ਅਬਰਾਹਾਮ ਉਤਾਰ-ਚੜ੍ਹਾਅ ਵਾਲੇ ਭਵਿੱਖ ਤੋਂ ਬਚਾਇਆ ਜਾਵੇਗਾ ਅਤੇ **ਚੰਗੇ ਬਿਰਧਪੁਣੇ ਵਿੱਚ ਦਫ਼ਨਾਇਆ ਜਾ ਕੇ** [ਉਸ ਦੇ] **ਪਿਉ ਦਾਦਿਆਂ ਕੋਲ ਸ਼ਾਂਤੀ ਨਾਲ ਜਾਵੇਗਾ**। ਉਨ੍ਹਾਂ ਪਰੇਸ਼ਾਨ ਕਰਨ ਵਾਲੇ ਅਨੁਭਵਾਂ ਦੀ ਤੁਲਨਾ ਵਿੱਚ ਜਿਨ੍ਹਾਂ ਦਾ ਉਸ ਨੇ ਮਿਸਰ ਵਿੱਚ ਫ਼ਿਰਾਊਨ ਅਤੇ ਪੂਰਬ ਵੱਲੋਂ ਆਉਣ ਵਾਲੇ ਚਾਰ ਰਾਜਿਆਂ ਦਾ ਸਾਹਮਣਾ ਕੀਤਾ ਸੀ, ਯਹੋਵਾਹ ਨੇ ਪਰਗਟ ਕੀਤਾ ਸੀ ਕਿ ਕੌਮਾਂ ਦਾ ਪਿਤਾ ਬਿਰਧਪੁਣੇ ਤੱਕ ਜੀਉਂਦਾ ਰਹੇਗਾ ਅਤੇ ਉਸ ਦੀ ਮੌਤ ਸ਼ਾਂਤੀਪੂਰਣ ਹੋਵੇਗੀ। ਇਸ ਦਾ ਅਰਥ ਇਹ ਨਹੀਂ ਸੀ ਕਿ ਉਸ ਨੂੰ ਹੋਰ ਕੋਈ ਮੁਸ਼ਕਲਾਂ ਨਹੀਂ ਹੋਣਗੀਆਂ, ਪਰ ਉਸ ਦੇ ਜੀਵਨ ਦੀਆਂ ਬਰਕਤਾਂ ਉਸ ਦੇ ਦੁੱਖਾਂ ਨਾਲੋਂ ਕਿਤੇ ਵਧੀਕ ਹੋਣਗੀਆਂ। ਸੱਚਮੁੱਚ, ਜਦੋਂ ਅਬਰਾਹਾਮ ਆਪਣੀ ਦੁਨਿਆਵੀ ਯਾਤਰਾ ਦੇ ਅੰਤ ਵਿੱਚ ਪੁੱਜਾ, ਉਹ "ਬਿਰਧ ਪੁਣੇ ਵਿੱਚ ਬੁੱਢਾ" (175 ਸਾਲਾਂ ਦਾ ਹੋ ਕੇ) ਅਤੇ "ਸਮਾਪੂਰ ਹੋ ਕੇ ਮਰ ਗਿਆ" (25:7, 8)।

**ਆਇਤ 16.** ਭਵਿੱਖ ਬਾਰੇ ਅਬਰਾਹਾਮ ਦੀ ਨਿੱਜੀ ਚਿੰਤਾ ਨੂੰ ਘਟਾਉਣ ਤੋਂ ਬਾਅਦ, ਪਰਮੇਸ਼ੁਰ ਉਸ ਦੀਆਂ ਅੰਸਾਂ ਦੀ ਮੰਜ਼ਿਲ ਦੀ ਵੱਲ ਪਰਤਿਆ, ਇਹ ਕਹਿੰਦੇ ਹੋਏ ਕਿ **ਚੌਥੀ ਪੀੜ੍ਹੀ ਵਿੱਚ ਓਹ ਐਧਰ ਫੇਰ ਮੁੜਣਗੇ**, ਅਰਥਾਤ, ਕਨਾਨ ਨੂੰ। ਕੁਝ ਲੋਕ ਨਿਸ਼ਚੇਪੂਰਵਕ ਕਹਿੰਦੇ ਹਨ ਕਿ ਇਹ ਕਥਨ 15:13 ਦਾ ਖੰਡਣ ਕਰਦਾ ਹੈ, ਜੋ ਇਹ ਵਰਣਨ ਕਰਦਾ ਹੈ ਕਿ ਇਸਰਾਏਲੀ ਲੋਕ "ਚਾਰ ਸੌ ਵਰਿਹਾਂ ਤੀਕ" ਮਿਸਰ ਵਿੱਚ ਰਹੇ। ਫਿਰ ਵੀ, "ਪੀੜ੍ਹੀ" ਲਈ ਜਿਹੜਾ ਇਬਰਾਨੀ

ਸ਼ਬਦ דּוֹר (*ਡੋਰ*) ਵਰਤਿਆ ਗਿਆ ਹੈ ਉਹ ਨਿਸ਼ਚਤ ਵਰਿਹਾਂ ਦੀ ਬਜਾਇ ਜੀਵਨਕਾਲ ਦਾ ਹਵਾਲਾ ਦਿੰਦਾ ਹੈ। ਉਦਾਹਰਣ ਦੇ ਲਈ, ਮੂਸਾ ਚਾਹਲੀਆਂ ਵਰਿਹਾਂ ਦਾ ਸੀ ਜਦੋਂ ਉਹ ਮਿਸਰ ਵਿੱਚੋਂ ਭੱਜਾ, ਯਿਥਰੋ ਨੂੰ ਮਿਲਿਆ ਅਤੇ ਵਿਆਹ ਕਰਵਾਇਆ (ਰਸੂਲਾਂ ਦੇ ਕਰਤੱਬ 7:23-29) ਅਤੇ ਇਸਰਾਏਲੀਆਂ ਨੂੰ ਉਨ੍ਹਾਂ ਦੀ ਹੱਠੀ ਬੇਪਰਤੀਤੀ ਅਤੇ ਅਣਆਗਿਆਕਾਰੀ ਦੇ ਕਾਰਣ ਚਾਹਲੀ ਵਰਿਹਾਂ – ਇੱਕ "ਪੀੜ੍ਹੀ" (*ਡੋਰ*; ਗਿਣਤੀ 32:13) – ਦੇ ਲਈ ਉਜਾੜ ਵਿੱਚ ਭਟਕਣ ਦੇ ਲਈ ਦੰਡ ਦੀ ਆਗਿਆ ਦਿੱਤੀ ਗਈ ਸੀ। ਜਦ ਕਿ ਇੱਕ ਪੀੜ੍ਹੀ ਪਰਤੱਖ ਰੂਪ ਵਿੱਚ ਮੂਸਾ ਦੇ ਸਮੇਂ ਵਿੱਚ ਚਾਹਲੀ ਵਰਿਹਾਂ ਦੀ ਸੀ, ਤਾਂ ਇਹ ਸਮਝਿਆ ਗਿਆ ਹੋਵੇਗਾ ਕਿ ਅਬਰਾਹਾਮ ਦੇ ਸਮੇਂ ਵਿੱਚ ਇਹ ਲਗਭਗ ਸੌ ਵਰਿਹਾਂ ਦੀ ਹੋਵੇਗੀ, ਕਿਉਂਕਿ ਉਹ ਉਸ ਸਮੇਂ ਇੰਨੇ ਵਰਿਹਾਂ ਦਾ ਸੀ ਜਦੋਂ ਇਸਹਾਕ ਦਾ ਜਨਮ ਹੋਇਆ (17:17; 21:5) ਅਤੇ ਪੁਰਖਾ 175 ਸਾਲਾਂ ਤੱਕ ਜ਼ਿੰਦਾ ਰਿਹਾ (25:7)।

15:13 ਦੇ "ਸਾਰ ਸੌ ਵਰਹੇ" ਇੱਕ ਵਿਸ਼ੇਸ਼ ਸੰਖਿਆ ਦੀ ਬਜਾਇ ਇੱਕ ਪੂਰਣ ਸੰਖਿਆ ਹੈ (ਵੇਖੋ ਰਸੂਲਾਂ ਦੇ ਕਰਤੱਬ 7:6)। ਇਹ ਕੂਚ 12:40, 41 ਵਿੱਚ ਕਾਲਕ੍ਰਮਕ ਸੰਦਰਭ ਤੋਂ ਸਪੱਸ਼ਟ ਹੁੰਦਾ ਹੈ: "ਇਸਰਾਏਲੀਆਂ ਦੇ ਮਿਸਰ ਵਿੱਚ ਵਸੇਬੇ ਦਾ ਸਮਾਂ ਚਾਰ ਸੌ ਤੀਹ ਵਰਹੇ ਸੀ। ਚਾਰ ਸੌ ਤੀਹ ਵਰਿਹਾਂ ਦੇ ਅੰਤ ਵਿੱਚ ਐਉਂ ਹੋਇਆ ਕਿ ਉਸੇ ਦਿਨ ਯਹੋਵਾਹ ਦੀਆਂ ਸਾਰੀਆਂ ਸੈਨਾਂ ਮਿਸਰ ਦੇਸ ਤੋਂ ਨਿੱਕਲ ਗਈਆਂ।"

15:16 ਵਿੱਚ ਆਖਰੀ ਕਥਨ ਅਬਰਾਹਾਮ ਦੀ ਅੰਸ ਨੂੰ ਕਨਾਨ ਦੇਸ ਦੇਣ ਵਿੱਚ ਪਰਮੇਸ਼ੁਰ ਦੇ ਦੇਰੀ ਕਰਨ ਦਾ ਕਾਰਣ ਦੱਸਦਾ ਹੈ: **ਕਿਉਂਜੋ ਅਮੋਰੀਆਂ ਦੀ ਬੁਰਿਆਈ ਅਜੇ ਪੂਰੀ ਨਹੀਂ ਹੋਈ**। ਪੁਰਾਣੇ ਨੇਮ ਵਿੱਚ "ਅਮੋਰੀਆਂ" ਸ਼ਬਦ ਬਦਲਦਾ ਰਹਿੰਦਾ ਹੈ; ਕਈ ਵਾਰ ਇਹ ਦੇਸ ਵਿੱਚ ਲੋਕਾਂ ਦੇ ਬਹੁਤ ਸਾਰੇ ਵੱਖ-ਵੱਖ ਸਮੂਹਾਂ ਵਿੱਚੋਂ ਕਿਸੇ ਇੱਕ ਸਮੂਹ ਦਾ ਹਵਾਲਾ ਦਿੰਦਾ ਹੈ (15:21; ਕੂਚ 3:8), ਪਰ ਇਹ ਉਨ੍ਹਾਂ ਸਭ ਲੋਕਾਂ ਦਾ ਵੀ ਵਰਣਨ ਕਰ ਸਕਦਾ ਹੈ ਜਿਹੜੇ ਕਨਾਨ ਵਿੱਚ ਰਹਿੰਦੇ ਸਨ (15:16; ਆਮੋਸ 2:10)।[13] ਇੱਥੇ ਇਸ ਸ਼ਬਦ ਦਾ ਅਰਥ ਬਾਅਦ ਵਾਲਾ ਹੀ ਹੈ, ਕਿਉਂਕਿ ਕਨਾਨ ਦੀ ਜਿੱਤ ਤਦ ਤੱਕ ਸ਼ੁਰੂ ਨਹੀਂ ਸੀ ਹੋਣੀ ਜਦੋਂ ਤੱਕ ਅਮੋਰੀਆਂ ਦੀ ਬੁਰਿਆਈ "ਪੂਰੀ ਨਹੀਂ ਹੁੰਦੀ" (שָׁלֵם, *ਸ਼ਾਲੇਮ*), ਜਾਂ ਜਦੋਂ ਤੱਕ ਇਹ ਆਪਣੇ "ਪੂਰੇ ਨਾਪ" ਤੱਕ ਨਹੀਂ ਪਹੁੰਚਦੀ (NIV)। ਇਹ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਯਹੋਵਾਹ ਅਮੋਰੀਆਂ (ਕਨਾਨੀਆਂ) ਦੇ ਪ੍ਰਤੀ ਤਦ ਤੱਕ ਸਹਿਣਸ਼ੀਲ ਰਹੇਗਾ ਜਦੋਂ ਤੱਕ ਉਨ੍ਹਾਂ ਦੀ ਨੈਤਿਕਤਾ ਉਸ ਹੱਦ ਤੱਕ ਭ੍ਰਿਸ਼ਟ ਨਹੀਂ ਹੋ ਜਾਂਦੀ ਜਿੱਥੇ ਪਰਮੇਸ਼ੁਰ ਉਨ੍ਹਾਂ ਦੇ ਅਨੈਤਿਕ ਵਿਹਾਰ ਨੂੰ ਬਰਦਾਸ਼ਤ ਨਹੀਂ ਕਰ ਸਕਦਾ।[14] ਇਸ ਲਈ ਕਨਾਨ ਦੀ ਜਿੱਤ ਅਤੇ ਵੱਸਣਾ ਪਰਮੇਸ਼ੁਰ ਦੇ ਉੱਤਮ ਨਿਆਂ ਤੇ ਨਿਰਭਰ ਕਰਦਾ ਸੀ (ਲੇਵੀਆਂ 18:24, 25; ਬਿਵਸਥਾ ਸਾਰ 9:5) ਨਾ ਕਿ ਇਸਰਾਏਲ ਦੀ ਨਿਰੀ ਚੜ੍ਹਾਈ ਤੇ, ਜਿਵੇਂ ਕਿ ਕਈ ਵਾਰ ਸੁਝਾਅ ਦਿੱਤਾ ਜਾਂਦਾ ਹੈ।

ਅਣਗਿਣਤ ਪੁਰਾਤੱਤਵ ਸ਼ਿਲਪਕਾਰੀਆਂ ਅਤੇ ਰਾਸ ਸ਼ਾਮਰਾ ਵਿੱਚੋਂ ਪ੍ਰਾਚੀਨ ਉਗਾਰਿਟ ਸਾਹਿਤ ਵਿੱਚੋਂ ਜ਼ਿਆਦਾਤਰ ਅਮੋਰੀਆਂ (ਪੱਛਮੀ ਇਲਾਕੇ ਦੇ ਲੋਕ) ਜੋ ਕਿ ਲਿਬਨਾਨ ਦੇ ਉੱਤਰ ਵਿੱਚ ਸੀਰਆਈ ਤੱਟ ਤੇ ਸਥਿਤ ਸਨ, ਕਨਾਨੀਆਂ ਦੀ ਭ੍ਰਿਸ਼ਟਤਾ ਦੀ ਹੱਦ ਨੂੰ ਪਰਗਟ ਕਰਦੇ ਹਨ। ਉਨ੍ਹਾਂ ਦੀ ਪੂਜਾ ਬਹੁ-ਦੇਵਵਾਦੀ ਸੀ ਅਤੇ ਇਸ ਦੇ ਵਿੱਚ ਛੋਟੇ-ਛੋਟੇ ਬੱਚਿਆਂ ਨੂੰ ਬਲੀ ਚੜ੍ਹਾਉਣਾ, ਨਰ ਅਤੇ ਨਾਰੀ ਪੰਥ ਵੇਸਵਾਪਣ ਜੋ ਕਿ ਆਪਣੇ ਮੰਦਿਰਾਂ ਵਿੱਚ ਸੇਵਾ ਕਰਦੇ ਸਨ ਅਤੇ ਹਰ ਤਰ੍ਹਾਂ ਦਾ ਟੇਵਾ ਟੋਟਕਾ ਅਤੇ ਜਾਦੂ ਸ਼ਾਮਲ ਸੀ। ਇਨ੍ਹਾਂ ਕੰਮਾਂ ਦੀ ਮੂਸਾ ਦੀ ਸ਼ਰਾ ਵਿੱਚ ਮਨਾਹੀ ਸੀ (ਲੇਵੀਆਂ 18:21-25; ਬਿਵਸਥਾ ਸਾਰ 18:9-12)।

ਫਿਰ ਵੀ, ਉੱਤਰੀ ਰਾਜ ਦੇ ਸਾਰੇ ਰਾਜਿਆਂ, ਇਸਰਾਏਲ ਅਤੇ ਦੱਖਣੀ ਰਾਹ ਦੇ ਜ਼ਿਆਦਾਤਰ

ਰਾਜਿਆਂ, ਯਹੂਦਾਹ ਨੇ ਗੈਰ-ਯਹੂਦੀ ਪੰਥਾਂ ਅਤੇ ਉਨ੍ਹਾਂ ਦੀਆਂ ਭੈੜੀਆਂ ਰੀਤਾਂ ਨੂੰ ਹੱਲਾਸ਼ੇਰੀ ਦਿੱਤੀ (1 ਰਾਜਿਆਂ 14:21-24; 21:24-26)। ਇਹੀ ਮੂਲ ਕਾਰਣ ਹੈ ਜਿਸ ਕਰਕੇ ਪਰਮੇਸ਼ੁਰ ਦੇ ਲੋਕਾਂ ਨੇ ਆਪਣੇ ਦੇਸ ਨੂੰ ਗੁਆ ਦਿੱਤਾ ਅਤੇ ਗੁਲਾਮੀ ਵਿੱਚ ਲਿਜਾਏ ਗਏ। ਪਰਮੇਸ਼ੁਰ ਨੇ ਉਨ੍ਹਾਂ ਨੂੰ ਮੂਰਤੀਪੂਜਾ, ਰਸਮੀ ਖ਼ੂਨ ਖਰਾਬੇ ਅਤੇ ਹਰ ਕਿਸਮ ਦੀ ਬੁਰਿਆਈ ਤੋਂ ਮੁੜਨ ਦੇ ਲਈ ਸੈਂਕੜੇ ਸਾਲ ਦਿੱਤੇ, ਜਿਵੇਂ ਕਿ ਉਸ ਨੇ ਅਮੋਰੀਆਂ ਨੂੰ ਕਈ ਸਾਲ ਦਿੱਤੇ ਸਨ; ਪਰ ਜਦੋਂ ਉਨ੍ਹਾਂ ਨੇ ਇਸ ਤੋਂ ਮੁੜਨ ਤੋਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਨੂੰ – ਕਨਾਨ ਦੇ ਪਹਿਲੇ ਵਾਸੀਆਂ ਦੇ ਵਾਂਗ – ਕਨਾਨ ਦੇਸ ਦੇ ਵਿੱਚੋਂ ਕੱਢ ਦਿੱਤਾ ਗਿਆ (ਬਿਵਸਥਾ ਸਾਰ 29:22-28; 2 ਰਾਜਿਆਂ 21:1-11; ਹਿਜ਼ਕੀਏਲ 16:35-52; ਦਾਨੀਏਲ 9:1-14)।

## ਨੇਮ ਦਾ ਪੂਰਾ ਹੋਣਾ (15:17-21)

**[17]ਐਉਂ ਹੋਇਆ ਕਿ ਸੂਰਜ ਆਥਣਿਆ ਅਤੇ ਅਨ੍ਹੇਰਾ ਹੋ ਗਿਆ ਤਾਂ ਵੇਖੋ ਇੱਕ ਧੂੰਏਂ ਵਾਲਾ ਤੰਦੂਰ ਅਰ ਬਲਦੀ ਮਸਾਲ ਇਨ੍ਹਾਂ ਟੋਟਿਆਂ ਵਿੱਚੋਂ ਦੀ ਲੰਘ ਗਈ। [18]ਉਸ ਦਿਨ ਯਹੋਵਾਹ ਨੇ ਇੱਕ ਨੇਮ ਅਬਰਾਮ ਨਾਲ ਬੰਨ੍ਹਿਆ ਕਿ ਤੇਰੀ ਅੰਸ ਨੂੰ ਮੈਂ ਇਹ ਧਰਤੀ ਦੇ ਦਿੱਤੀ ਹੈ ਅਰਥਾਤ ਮਿਸਰ ਦੇ ਦਰਿਆ ਤੋਂ ਲੈਕੇ ਵੱਡੇ ਦਰਿਆ ਫਰਾਤ ਤੀਕ। [19]ਅਤੇ ਕੇਨੀ ਅਰ ਕਨਿੱਜ਼ੀ ਅਰ ਕਦਮੋਨੀ [20]ਅਰ ਹਿੱਤੀ ਅਰ ਪਰਿੱਜ਼ੀ ਅਰ ਰਫਾਈਮ [21]ਅਰ ਅਮੋਰੀ ਅਰ ਕਨਾਨੀ ਅਰ ਗਿਰਗਾਸ਼ੀ ਅਰ ਯਬੂਸੀ ਏਹ ਵੀ ਦੇ ਦਿੱਤੇ।**

**ਆਇਤ 17.** ਸੂਰਜ ਡੁੱਬਣ ਤੋਂ ਬਾਅਦ ਅਨ੍ਹੇਰਾ ਹੋ ਗਿਆ ਜਿਸ ਨੇ ਇੱਕ ਗੰਭੀਰ ਦ੍ਰਿਸ਼ ਦੇ ਲਈ ਮੰਚ ਤਿਆਰ ਕੀਤਾ ਜਦੋਂ ਪਰਮੇਸ਼ੁਰ ਨੇ ਅਬਰਾਹਾਮ ਨਾਲ ਆਪਣਾ ਨੇਮ ਬੰਨ੍ਹਿਆ। ਅਬਰਾਹਾਮ ਨੇ **ਧੂੰਏਂ ਵਾਲਾ ਤੰਦੂਰ ਅਰ ਬਲਦੀ ਮਸਾਲ** ਵੇਖੀ ਜਿਹੜੀ ਜਾਨਵਰਾਂ ਦੇ ਉਨ੍ਹਾਂ **ਟੋਟਿਆਂ ਵਿੱਚੋਂ ਦੀ ਲੰਘ ਗਈ** ਜੋ ਜ਼ਮੀਨ ਤੇ ਪਏ ਹੋਏ ਸਨ। "ਤੰਦੂਰ" ਲਈ ਜਿਹੜਾ ਇਬਰਾਨੀ ਸ਼ਬਦ (תַּנּוּר, *ਥਾਨੂਰ*) ਵਰਤਿਆ ਗਿਆ ਹੈ ਸੰਭਵ ਤੌਰ ਤੇ ਮਿੱਟੀ ਦੇ ਬਣੇ ਹੋਏ ਗੁੰਬਦਾਕਾਰ ਸਿਲੰਡਰ ਦਾ ਹਵਾਲਾ ਦਿੰਦਾ ਹੈ, ਜੋ ਲੰਬਾਈ ਚੌੜਾਈ ਵਿੱਚ ਸਿਰਫ ਲਗਭਗ ਦੋ ਜਾਂ ਤਿੰਨ ਫੁੱਟ ਸੀ। ਕਿਉਂਕਿ ਧੂੰਆਂ ਅਤੇ ਅੱਗ ਪਰਮੇਸ਼ੁਰ ਦੀ ਹਜ਼ੂਰੀ ਦੇ ਪ੍ਰਤੀਕ ਹਨ (ਕੂਚ 3:2; 14:24; 19:18; 20:18; 24:17; ਜ਼ਬੂਰ 18:8), ਪ੍ਰਤੀਕਾਤਮਕ ਰੂਪ ਵਿੱਚ ਗੱਲ ਕਰੀਏ ਤਾਂ ਇਹ ਯਹੋਵਾਹ ਸੀ ਜਿਹੜਾ ਜਾਨਵਰਾਂ ਦੇ ਮਾਸ ਦੀਆਂ ਕਤਾਰਾਂ ਵਿੱਚੋਂ ਰਸਮੀ ਤੌਰ ਤੇ ਲੰਘਿਆ ਸੀ।

**ਆਇਤ 18.** ਇਸ ਤਰ੍ਹਾਂ ਕਰਕੇ, ਪਰਮੇਸ਼ੁਰ ਨੇ ਅਬਰਾਹਾਮ ਨਾਲ ਇਕਤਰਫਾ **ਨੇਮ ਬੰਨ੍ਹਿਆ** (ਜਾਂ "ਕੱਟਿਆ," *ਕਰਾਥ*)। ਇਸ ਨੂੰ ਦੋਤਰਫਾ ਬਣਾਉਣ ਦੇ ਲਈ, ਅਬਰਾਹਾਮ ਨੂੰ ਜਾਂ ਜਿਹੜੀ ਚੀਜ਼ ਉਸ ਦੀ ਨੁਮਾਇੰਦਗੀ ਕਰ ਰਹੀ ਸੀ ਉਸ ਨੂੰ ਉਸ ਨੇਮ ਨੂੰ ਪੱਕਾ ਕਰਨ ਦੇ ਲਈ ਜਾਨਵਰਾਂ ਦੀਆਂ ਲੋਥਾਂ ਵਿੱਚੋਂ ਦੀ ਲੰਘਣਾ ਪੈਣਾ ਸੀ। ਬਜਾਇ ਇਸ ਦੇ, ਯਹੋਵਾਹ ਨੇ ਖੁਦ ਗੰਭੀਰ ਤਰੀਕੇ ਨਾਲ ਇਸ ਗੱਲ ਦੀ ਗਰੰਟੀ ਦਿੱਤੀ ਕਿ ਉਹ ਇਸ ਨੇਮ ਨੂੰ ਜ਼ਰੂਰ ਪੂਰਾ ਕਰੇਗਾ।

ਕੀ ਯਹੋਵਾਹ ਨੇ ਖੁਦ ਉਸ ਕਿਸਮ ਦੇ ਸਰਾਪ ਨੂੰ ਆਪਣੇ ਉੱਤੇ ਲਿਆ ਸੀ ਜਿਸ ਦਾ ਸੰਕੇਤ 15:9, 10 ਅਤੇ ਯਿਰਮਿਯਾਹ 34:18, 19 ਵਿੱਚ ਦਿੱਤਾ ਗਿਆ ਹੈ? ਜੇਕਰ ਯਹੋਵਾਹ ਕਿਸੇ ਇਸ ਤਰ੍ਹਾਂ ਦੀ ਗੱਲ ਦੀ ਪੁਸ਼ਟੀ ਕਰ ਰਿਹਾ ਸੀ ਕਿ "ਮੇਰੇ ਨਾਲ ਇਸੇ ਤਰ੍ਹਾਂ ਹੀ ਹੋਵੇ, ਜਿਵੇਂ ਇਨ੍ਹਾਂ ਜਾਨਵਰਾਂ ਨਾਲ ਹੋਇਆ ਹੈ ਜੇਕਰ ਮੈਂ ਇਸ ਨੇਮ ਦਾ ਪਾਲਣ ਨਹੀਂ ਕਰਦਾ," ਤਾਂ ਇਹ ਸਿਰਫ ਇੱਕ ਰੂਪਕ ਭਾਵ ਵਿੱਚ ਸੀ ਕਿ ਯਹੋਵਾਹ ਨੇ ਆਪਣੇ ਆਪ ਤੇ ਮੌਤ ਦੀ ਸਜ਼ਾ ਦਾ ਸਰਾਪ ਲਿਆਂਦਾ ਸੀ, ਕਿਉਂਕਿ ਉਹ ਅਸਲ ਵਿੱਚ ਮਰ ਨਹੀਂ ਸੀ ਸਕਦਾ। ਗੱਲ ਭਾਵੇਂ ਕੋਈ ਵੀ ਹੋਵੇ ਅਤੇ

ਯਹੋਵਾਹ ਨੇ ਭਾਵੇਂ ਜੋ ਵੀ ਸ਼ਬਦ ਬੋਲੇ ਹੋਣ, ਅਬਰਾਹਾਮ ਇਸ ਦਰਸ਼ਣ ਵਿੱਚ ਇੱਕ ਗੰਭੀਰ ਦ੍ਰਿਸ਼ ਦਾ ਗਵਾਹ ਬਣਿਆ ਸੀ।

ਭਾਵੇਂ ਕਿ ਅਬਰਾਹਾਮ ਦੀ ਅੰਸ ਨੂੰ ਇਹ ਧਰਤੀ ਚਾਰ ਸੌ ਸਾਲ ਤੱਕ ਨਹੀਂ ਸੀ ਮਿਲਣੀ, ਯਹੋਵਾਹ ਨੇ ਕਿਹਾ, **ਮੈਂ** [ਉਨ੍ਹਾਂ ਨੂੰ] **ਇਹ ਧਰਤੀ ਦੇ ਦਿੱਤੀ ਹੈ**। ਅੱਜ ਕੱਲ੍ਹ ਦੇ ਜ਼ਿਆਦਾਤਰ ਅਨੁਵਾਦ ਇਸ ਤੱਥ ਨੂੰ ਅਣਦੇਖਾ ਕਰਦੇ ਹਨ ਕਿ ਕਿਰਿਆ "ਦਿੱਤੀ" (נָתַן, *ਨਾਥਨ*) ਪੂਰਨ ਰੂਪ ਵਿੱਚ ਹੈ ਜੋ ਇੱਕ ਅਜਿਹੇ ਕੰਮ ਵੱਲ ਇਸ਼ਾਰਾ ਕਰ ਰਹੀ ਹੈ ਜੋ ਭੂਤਕਾਲ ਵਿੱਚ ਪੂਰਾ ਹੋ ਚੁੱਕਾ ਹੈ। ਉਹ ਗਲਤੀ ਨਾਲ ਇਸ ਦਾ ਅਸਪੱਸ਼ਟ ਅਨੁਵਾਦ ਕਰਦੇ ਹਨ "ਮੈਂ ਇਹ ਧਰਤੀ ਦਿੰਦਾ ਹਾਂ" (RSV; NRSV; NIV; NEB)। NASB ਬਾਈਬਲ ਵਿੱਚ ਇਸ ਦਾ ਸਹੀ ਅਰਥ ਦਿੱਤਾ ਗਿਆ ਹੈ ਜੋ ਕਹਿੰਦਾ ਹੈ ਕਿ "ਮੈਂ ਦੇ ਦਿੱਤੀ ਹੈ।" ਇੱਥੇ ਕਿਰਿਆ ਇੱਕ "ਨਬੂਵਤੀ ਪੂਰਨਕਾਲ" ਹੈ ਜੋ "ਦੂਰ ਭਵਿੱਖ ਵਿੱਚ ਹੋਣ ਵਾਲੀ ਘਟਨਾ ਦਾ ਇਸ ਤਰ੍ਹਾਂ ਹਵਾਲਾ ਦੇਣ ਲਈ ਵਰਤੀ ਗਈ ਹੈ ਜੋ ਇਸ ਤਰ੍ਹਾਂ ਲੱਗਦਾ ਹੈ ਕਿ ਪਹਿਲਾਂ ਹੀ ਵਾਪਰ ਚੁੱਕਾ ਹੈ।"[15] ਅਜਿਹੇ ਸੰਦਰਭ ਵਿੱਚ ਘਟਨਾ ਦਾ ਪੂਰਾ ਹੋਣਾ ਇੰਨਾ ਨਿਸ਼ਚਤ ਸੀ – ਜਿਵੇਂ ਕਿ ਯਹੋਵਾਹ ਨੇ ਵਾਇਦਾ ਕੀਤਾ ਸੀ – ਕਿ ਇਸ ਦੇ ਬਾਰੇ ਇਸ ਤਰ੍ਹਾਂ ਬੋਲਿਆ ਜਾ ਸਕਦਾ ਸੀ ਜਿਵੇਂ ਕਿ ਇਹ ਪਹਿਲਾਂ ਹੀ ਹੋ ਚੁੱਕਾ ਸੀ।

ਯਾਹਵੇਹ ਦੀ ਗੱਲਬਾਤ ਦਾ ਅੰਤ ਉਸ ਦੇਸ ਦੇ ਖੇਤਰ ਤੇ ਕੇਂਦਰਿਤ ਸੀ ਜੋ ਦੱਖਣ-ਪੱਛਮ ਵਿੱਚ ਹੱਦ ਦਾ ਵਰਣਨ ਕਰਦਾ ਸੀ ਜੋ ਕਿ **ਮਿਸਰ ਦੇ ਦਰਿਆ** ਤੱਕ ਫੈਲਿਆ ਹੋਇਆ ਸੀ। ਪੁਰਾਣੇ ਨੇਮ ਵਿੱਚ "ਮਿਸਰ ਦਾ ਦਰਿਆ [נָהָר, *ਨਾਹਰ*]" ਵਾਕ ਸਿਰਫ ਇੱਕੋ ਵਾਰ ਆਉਂਦਾ ਹੈ ਅਤੇ ਇਹ ਸ਼ਬਦ ਨੀਲ ਨਦੀ (יְאֹר, *ਯੇ ਓਰ*) ਦੇ ਸੰਦਰਭ ਵਿੱਚ ਨਹੀਂ ਵਰਤਿਆ ਗਿਆ ਹੈ। ਇਸ ਨੂੰ ਉੱਤਰ-ਪੱਛਮ ਵਿੱਚ ਵਾਦੀ ਏਲ-ਅਰਿਸ਼ – ਸੀਨਈ – ਸਮਝਿਆ ਜਾਂਦਾ ਹੈ ਜੋ ਕਿ ਦੱਖਣੀ ਇਸਰਾਏਲ ਦੇ ਗਾਜ਼ਾ ਖੇਤਰ ਦੀ ਦੱਖਣ-ਪੱਛਮ ਵਿੱਚ ਲਗਭਗ ਪੰਜਾਹ ਮੀਲ ਦੀ ਦੂਰੀ ਤੇ ਸੀ। ਆਰ. ਕੇ. ਹੈਰੀਸਨ ਦੇ ਅਨੁਸਾਰ, ਇਸ ਦੀ ਜ਼ਿਆਦਾ ਸਹੀ ਢੰਗ ਨਾਲ "ਮਿਸਰ ਦੀ ਤੇਜ਼ ਧਾਰਾ ਵਾਦੀ" ਦੇ ਰੂਪ ਵਿੱਚ ਪਰਿਭਾਸ਼ਾ ਦਿੱਤੀ ਜਾ ਸਕਦੀ ਸੀ।[16] ਇਹ ਨਦੀ ਜ਼ਿਆਦਾ ਸਮੇਂ ਸੁੱਕੀ ਰਹਿੰਦੀ ਸੀ,[17] ਪਰ ਜਦੋਂ ਉੱਤਰੀ ਕੇਂਦਰੀ ਸੀਨਈ ਪਹਾੜਾਂ ਵਿੱਚ ਵਰਖਾ ਹੁੰਦੀ ਸੀ ਤਾਂ ਇਸ ਦਾ ਪ੍ਰਵਾਹ ਤੇਜ਼ ਹੋ ਜਾਂਦਾ ਸੀ, ਜਦੋਂ ਪਾਣੀ ਹੇਠਾਂ ਨੂੰ ਭੂਮੱਧ ਸਾਗਰ ਵੱਲ ਨੂੰ ਵਹਿੰਦੇ ਸਨ।

ਪਹਿਲੀ ਵਾਰ, ਪਰਮੇਸ਼ੁਰ ਵਾਇਦਾ ਕਰ ਰਿਹਾ ਸੀ ਕਿ ਅਬਰਾਹਾਮ ਦੀ ਅੰਸ "ਮਿਸਰ ਦੇ ਦਰਿਆ" ਤੋਂ ਲੈ ਕੇ ਉੱਤਰ-ਪੂਰਬ ਵਿੱਚ **ਵੱਡੇ ਦਰਿਆ ਫਰਾਤ** ਤੀਕ ਕਬਜ਼ਾ ਕਰੇਗੀ (ਬਿਵਸਥਾ ਸਾਰ 1:7; ਯਹੋਸ਼ੁਆ 1:4)। ਫਿਰ ਵੀ, ਸੈਂਕੜੇ ਸਾਲਾਂ ਬਾਅਦ, ਦਾਊਦ ਅਤੇ ਸੁਲੇਮਾਨ ਦੇ ਸਮੇਂ ਤੱਕ ਇਸਰਾਏਲ ਨੂੰ ਇਸ ਦੇਸ ਦਾ ਰਾਜਨੀਤਿਕ ਅਤੇ ਆਰਥਿਕ ਨਿਯੰਤਰਣ ਨਹੀਂ ਸੀ ਮਿਲਿਆ (2 ਸਮੂਏਲ 8:3-15; 1 ਰਾਜਿਆਂ 4:21, 24)। ਫਿਰ ਵੀ, ਇਸ ਤੇ ਉਨ੍ਹਾਂ ਦਾ ਨਿਯੰਤਰਣ ਸਿਰਫ ਕੁਝ ਦਹਾਕਿਆਂ ਦੇ ਲਈ ਹੀ ਸੀ ਕਿਉਂਕਿ ਉੱਥੋਂ ਦੇ ਵਸਨੀਕਾਂ ਨੇ ਉਨ੍ਹਾਂ ਦੇ ਵਿਰੁੱਧ ਬਗਾਵਤ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਸਰਾਏਲੀ ਜੂਲੇ ਨੂੰ ਲਾਹ ਸੁੱਟਿਆ। ਸੁਲੇਮਾਨ ਦੀ ਮੌਤ ਹੋਣ ਕਰਕੇ, ਰਾਜ ਅਧਿਕਾਰਕ ਤੌਰ ਤੇ ਵੰਡਿਆ ਗਿਆ ਅਤੇ ਫਿਰ ਇਹ ਗ੍ਰਹਿ ਯੁੱਧ ਨਾਲ ਹੋਰ ਵੀ ਜ਼ਿਆਦਾ ਕਮਜ਼ੋਰ ਹੋ ਗਿਆ। ਇਸ ਲਈ, ਇਸਰਾਏਲੀਆਂ ਨੇ ਉਸ ਦੇਸ ਤੇ ਕਾਫੀ ਹੱਦ ਤੱਕ ਹਮੇਸ਼ਾ ਦੇ ਲਈ ਆਪਣੇ ਨਿਯੰਤਰਣ ਨੂੰ ਗੁਆ ਦਿੱਤਾ ਜੋ ਪਰਮੇਸ਼ੁਰ ਨੇ ਅਬਰਾਹਾਮ ਨੂੰ ਦੇਣ ਦਾ ਵਾਇਦਾ ਕੀਤਾ ਸੀ।

**ਆਇਤ 19.** ਨੇਮ ਦੇ ਦਰਸ਼ਣ ਤੋਂ ਇਲਾਵਾ, ਯਹੋਵਾਹ ਨੇ ਅਬਰਾਹਾਮ ਨੂੰ ਦਸ ਕੌਮਾਂ ਦੇ ਨਾਮ ਦਿੱਤੇ ਜੋ ਮੌਜੂਦਾ ਸਮੇਂ ਵਿੱਚ ਵਾਅਦੇ ਦੇ ਦੇਸ ਵਿੱਚ ਵੱਸੀਆਂ ਹੋਈਆਂ ਸਨ ਪਰ ਉਨ੍ਹਾਂ ਨੂੰ ਅਬਰਾਹਾਮ ਦੀ ਅੰਸ ਦੇ ਹੱਥ ਵਿੱਚ ਸੌਂਪ ਦਿੱਤਾ ਜਾਵੇਗਾ। ਇਹ ਸੂਚੀ ਜੋ ਆਇਤ 19 ਆਇਤ ਤੋਂ

ਸ਼ੁਰੂ ਹੁੰਦੀ ਹੈ ਸੰਪੂਰਣਤਾ ਦੀ ਪ੍ਰਤੀਕ ਹੋ ਸਕਦੀ ਹੈ। ਉਹ ਨਾਮ ਜੋ ਦਿੱਤੇ ਗਏ ਹਨ ਕਨਾਨ ਦੇ ਸਾਰੇ ਵਾਸੀਆਂ ਨੂੰ ਦਰਸਾਉਂਦੇ ਹਨ। ਅੱਗੇ ਚੱਲ ਕੇ ਪੁਰਾਣੇ ਨੇਮ ਵਿੱਚ ਪਾਈਆਂ ਜਾਣ ਵਾਲੀਆਂ ਇਹੋ ਜਿਹੀਆਂ ਸਤਾਈ ਸੂਚੀਆਂ ਵਿੱਚ, ਮਨ ਚਾਹੀ ਵਿਸ਼ੇਸ਼ਤਾ ਤੇ ਨਿਰਭਰ ਕਰਦਿਆਂ ਲੋਕਾਂ ਦੇ ਸਮੂਹਾਂ ਦੀ ਗਿਣਤੀ ਦੋ ਤੋਂ ਬਾਰਾਂ ਹੈ।[18] ਜ਼ਿਆਦਾ ਸਧਾਰਣ ਸੂਚੀਆਂ ਵਿੱਚ ਜਾਂ ਤਾਂ ਛੇ (ਕੂਚ 3:8, 17; 23:23; 33:2; 34:11; ਬਿਵਸਥਾ ਸਾਰ 20:17; ਯਹੋਸ਼ੁਆ 9:1) ਜਾਂ ਸੱਤ (ਬਿਵਸਥਾ ਸਾਰ 7:1; ਯਹੋਸ਼ੁਆ 3:10; 24:11; ਵੇਖੋ ਰਸੂਲਾਂ ਦੇ ਕਰਤੱਬ 13:19) ਕੌਮਾਂ ਸ਼ਾਮਲ ਹੁੰਦੀਆਂ ਹਨ। ਪਰਮੇਸ਼ੁਰ ਨੇ ਕਿਹਾ ਕਿ ਉਹ ਉਨ੍ਹਾਂ ਨੂੰ ਕਨਾਨ ਦੇਸ ਵਿੱਚੋਂ ਬਾਹਰ ਕੱਢ ਦੇਵੇਗਾ। ਉਤਪਤ 15 ਵਿੱਚ ਜੋ ਸੂਚੀ ਦਿੱਤੀ ਗਈ ਹੈ ਸਿਰਫ ਉਸੇ ਵਿੱਚ ਦਸ ਨਾਮ ਹਨ ਅਤੇ **ਕੇਨੀ**, **ਕਨਿੱਜ਼ੀ** ਅਰ **ਕਦਮੋਨੀ** ਸਿਰਫ ਇਸੇ ਸੂਚੀ ਵਿੱਚ ਆਉਂਦੇ ਹਨ, ਲੋਕਾਂ ਦੇ ਉਹ ਸਮੂਹ ਜਿਹੜੇ ਅਬਰਾਹਾਮ ਦੇ ਸਮੇਂ ਦੌਰਾਨ ਕਨਾਨ ਦੇ ਦੱਖਣੀ ਹਿੱਸੇ ਵਿੱਚ ਰਹਿ ਚੁੱਕੇ ਹੋਣਗੇ।

ਇਹ ਤਿੰਨੇ ਦੇ ਤਿੰਨੇ ਸਮੂਹ ਆਖ਼ਰਕਾਰ ਯਹੂਦਾਹ ਦੇ ਗੋਤ ਵਿੱਚ ਮਿਲਾ ਦਿੱਤੇ ਗਏ ਹੋਣਗੇ; ਫਿਰ ਵੀ, ਬਾਈਬਲ ਵਿੱਚ ਕਦਮੋਨੀਆਂ ਬਾਰੇ ਸਿਰਫ ਇੱਥੇ ਹੀ ਜ਼ਿਕਰ ਕੀਤਾ ਗਿਆ ਹੈ ਅਤੇ ਉਨ੍ਹਾਂ ਬਾਰੇ ਹੋਰ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ। ਸਾਡੇ ਕੋਲ ਸਿਰਫ ਤਿੰਨ ਛੋਟੇ ਜਿਹੇ ਹਵਾਲੇ ਹਨ ਜਿਨ੍ਹਾਂ ਵਿੱਚ ਕੇਨੀਆਂ ਬਾਰੇ ਬਹੁਤ ਥੋੜ੍ਹੀ ਜਿਹੀ ਜਾਣਕਾਰੀ ਦਿੱਤੀ ਗਈ ਹੈ। ਉਹ ਦੱਖਣ ਵਿੱਚ ਰਹਿੰਦੇ ਸਨ (ਗਿਣਤੀ 24:21; 1 ਸਮੂਏਲ 27:10), ਉਨ੍ਹਾਂ ਵਿੱਚੋਂ ਕੁਝ ਲੋਕਾਂ ਨੂੰ ਛੱਡ ਕੇ ਜੋ ਬਾਅਦ ਵਿੱਚ ਜ਼ਬੂਲੁਨ ਦੇ ਗੋਤ ਦੇ ਇਲਾਕੇ ਵਿੱਚ ਚਲੇ ਗਏ ਸਨ (ਨਿਆਈਆਂ 4:11-17)। ਕਨਿੱਜ਼ੀ ਉਹ ਲੋਕ ਸਨ ਜਿਨ੍ਹਾਂ ਨੂੰ ਕਾਲੇਬ ਦੇ ਕਾਰਣ ਪਹਿਚਾਣ ਮਿਲੀ ਸੀ, ਜਿਸ ਦੀ ਵੰਸ਼ਾਵਲੀ ਉਨ੍ਹਾਂ ਤੋਂ ਚੱਲੀ ਸੀ (ਗਿਣਤੀ 32:12; ਯਹੋਸ਼ੁਆ 14:6, 14)। ਕਾਲੇਬ ਉਨ੍ਹਾਂ ਬਾਰਾਂ ਖੋਜੀਆਂ ਵਿੱਚੋਂ ਇੱਕ ਸੀ, ਉਹ ਜਿਹੜਾ ਯਹੋਸ਼ੁਆ ਦੇ ਨਾਲ ਮਿਲ ਕੇ, ਕਨਾਨ ਦੇਸ ਦੇ ਬਾਰੇ ਖ਼ਬਰ ਲੈ ਕੇ ਆਇਆ ਸੀ (ਗਿਣਤੀ 13:30; 14:6-9, 24, 30)। ਉਹ ਯੁੱਧ ਵਿੱਚ ਯਹੋਸ਼ੁਆ ਦੇ ਨਾਲ ਮਿਲ ਕੇ ਲੜਿਆ ਸੀ ਅਤੇ ਅਥਨੀਏਲ ਦਾ ਰਿਸ਼ਤੇਦਾਰ ਸੀ ਜੋ ਕਿ ਨਿਆਈਆਂ ਵਿੱਚੋਂ ਇੱਕ ਸੀ (ਨਿਆਈਆਂ 1:11-20)।

**ਆਇਤਾਂ 20, 21. ਹਿੱਤੀ** ਲੋਕ ਹੋਰਨਾਂ ਲੋਕਾਂ ਦੀ ਸੂਚੀ ਵਿੱਚ ਆਉਂਦੇ ਹਨ ਜਿਹੜੇ ਕਨਾਨ ਦੇ ਦੇਸ ਵਿੱਚ ਵੱਸੇ ਹੋਏ ਸਨ। ਉਹ ਹਬਰੋਨ ਦੇ ਇਲਾਕੇ ਵਿੱਚ ਰਹਿੰਦੇ ਸਨ, ਜਿੱਥੇ ਅਬਰਾਹਾਮ ਬਾਅਦ ਵਿੱਚ ਜਾ ਕੇ ਵੱਸਿਆ ਸੀ (ਵੇਖੋ 23:1-20)। **ਪਰਿੱਜ਼ੀ** ਇੱਕ ਹੋਰ ਨਾਮ ਹੈ ਜੋ ਬਾਕਾਇਦਾ ਕਨਾਨੀ ਲੋਕਾਂ ਦੀਆਂ ਸੂਚੀਆਂ ਵਿੱਚ ਆਉਂਦਾ ਹੈ। ਇਹ ਗੋਤ ਦੇਸ ਦੇ ਪਹਾੜੀ ਇਲਾਕੇ ਵਿੱਚ ਰਹਿੰਦਾ ਸੀ (ਯਹੋਸ਼ੁਆ 11:3) ਅਤੇ ਇਸ ਨੂੰ ਅਫ਼ਰਾਈਮ ਅਤੇ ਮਨੱਸ਼ਹ ਦੇ ਮਨੁੱਖਾਂ ਦੁਆਰਾ ਬਾਹਰ ਕੱਢਿਆ ਗਿਆ ਸੀ (ਯਹੋਸ਼ੁਆ 17:15-18)। **ਰਫਾਈਮ** ਦੱਖਣੀ ਸੀਰਿਯਾ ਅਤੇ ਯਰੂਸ਼ਲਮ ਦੇ ਦੱਖਣ ਵਿੱਚ ਖਿੰਡਿਆ ਹੋਇਆ ਸੀ – ਪਰ ਉਨ੍ਹਾਂ ਵਿੱਚੋਂ ਜ਼ਿਆਦਾਤਰ ਲੋਕ ਬਾਸ਼ਾਨ, ਗਲੀਲ ਦੀ ਝੀਲ ਦੇ ਪੂਰਬ ਵਿੱਚ ਰਹਿੰਦੇ ਸਨ (ਵੇਖੋ 14:5)। ਇੱਥੇ ਬਾਕੀ ਨਾਮ ਜੋ ਦਿੱਤੇ ਗਏ ਹਨ ਉਹ ਹਨ **ਅਮੋਰੀ, ਕਨਾਨੀ, ਗਿਰਗਾਸ਼ੀ** ਅਤੇ **ਯਬੂਸੀ** ਕੌਮਾਂ (10:15, 16 ਤੇ ਟਿੱਪਣੀਆਂ ਵੇਖੋ)।

## ਪ੍ਰਾਸੰਗਿਕਤਾ

### ਸੁਰੱਖਿਆ ਅਤੇ ਪ੍ਰਬੰਧ (ਅਧਿਆਇ 15)

*ਉਸ ਦਾ ਡਰ ਅਤੇ ਉਦਾਸੀ।* ਅਬਰਾਹਾਮ ਡਰ ਨਾਲ ਭਰਿਆ ਹੋਇਆ ਸੀ। ਸੰਭਵ ਤੌਰ ਤੇ,

ਉਹ ਉਸ ਖ਼ਤਰੇ ਤੋਂ ਡਰਦਾ ਸੀ ਜੋ ਉਸ ਦੇ ਸਾਹਮਣੇ ਸੀ ਅਤੇ ਉਹ ਆਪਣੀ ਸੁਰੱਖਿਆ ਨੂੰ ਵੀ ਲੈ ਕੇ ਡਰਦਾ ਸੀ। ਹਾਲ ਹੀ ਵਿੱਚ ਉਹ ਚਾਰ ਪੂਰਬੀ ਰਾਜਿਆਂ ਉੱਤੇ ਜਿੱਤ ਪ੍ਰਾਪਤ ਕਰਕੇ ਪਰਤਿਆ ਸੀ ਜੋ ਉਸ ਨੂੰ ਅਸੰਭਵ ਜਾਪਦੀ (14:16-24), ਪਰ ਕੀ ਹੁੰਦਾ ਜੇਕਰ ਉਹ ਆਪਣੀਆਂ ਉੱਤਮ ਤਾਕਤਾਂ ਨਾਲ ਵਾਪਸ ਪਰਤਦਾ? ਸੰਭਵ ਤੌਰ ਤੇ, ਇਸ ਸਮੇਂ ਉਸ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਉਹ ਅੱਸੀ[19] ਸਾਲ ਦਾ ਹੋ ਗਿਆ ਸੀ ਅਤੇ ਹਾਲੇ ਤੱਕ ਉਸ ਦੇ ਪੁੱਤਰ ਨਹੀਂ ਸੀ ਹੋਇਆ।

ਇਹ ਇੱਕ ਕਿਸਮ ਦੀ ਨਿਰਾਸ਼ਾ ਅਤੇ ਡਰ ਹੈ ਜਿਸ ਦਾ ਲੋਕ ਕਈ ਵਾਰ ਬੁਰੀਆਂ ਤਾਕਤਾਂ ਤੇ ਮਹਾਨ ਛੁਟਕਾਰੇ ਜਾਂ ਜਿੱਤ ਤੋਂ ਬਾਅਦ ਅਨੁਭਵ ਕਰਦੇ ਹਨ। ਇਸ ਦੇ ਉਦਾਹਰਣ ਹਨ (1) ਮੂਸਾ, ਪਰਮੇਸ਼ੁਰ ਦਾ ਜਨ, ਜਦੋਂ ਯਹੋਵਾਹ ਨੇ ਸਮੁੰਦਰ ਵਿੱਚ ਉਨ੍ਹਾਂ ਨੂੰ ਫ਼ਿਰਾਊਨ ਦੀ ਫੌਜ ਤੋਂ ਬਚਾਇਆ ਅਤੇ ਉਜਾੜ ਵਿੱਚ ਇਸਰਾਏਲ ਲਈ ਉਸ ਦਾ ਪ੍ਰਬੰਧ (ਕੂਚ 17:4); (2) ਦਾਊਦ, ਪਰਮੇਸ਼ੁਰ ਦਾ ਮਨਭਾਉਂਦਾ ਜਨ, ਸ਼ਾਊਲ ਦੇ ਜੀਵਨ ਨੂੰ ਬਖ਼ਸ਼ਣ ਤੋਂ ਬਾਅਦ ਉਸ ਦਾ ਧਾਰਮਿਕਤਾ ਅਤੇ ਦਯਾ ਨੂੰ ਵਿਖਾਉਣਾ (1 ਸਮੂਏਲ 27:1) ਅਤੇ (3) ਏਲੀਯਾਹ, ਪਰਮੇਸ਼ੁਰ ਦਾ ਨਬੀ, ਬਆਲ ਅਤੇ ਆਸ਼ਰਾ ਦੇ ਨਬੀਆਂ ਤੇ ਜਿੱਤ ਯਹੋਵਾਹ ਦੀ ਜਿੱਤ ਤੋਂ ਬਾਅਦ ਜਿਸ ਨੇ ਉਸ ਦੀ ਸੇਵਕਾਈ ਨੂੰ ਸੱਚ ਸਾਬਤ ਕੀਤਾ (1 ਰਾਜਿਆਂ 19:1-14)।

ਨਿਹਚਾ ਵਾਲੇ ਲੋਕ ਭਾਵਨਾਵਾਂ ਵਾਲੇ ਲੋਕ ਵੀ ਹੁੰਦੇ ਹਨ ਅਤੇ ਉਨ੍ਹਾਂ ਭਾਵਨਾਵਾਂ ਨੂੰ ਅਣਦੇਖਾ, ਨਜ਼ਰਅੰਦਾਜ਼, ਜਾਂ ਰੱਦ ਨਹੀਂ ਕੀਤਾ ਜਾਣਾ ਚਾਹੀਦਾ। ਫਿਰ ਵੀ, ਭਾਵਨਾਤਮਕਵਾਦ ਵਿੱਚ ਅਧਿਕਤਾਵਾਂ ਦੇ ਕਾਰਣ, ਕਈ ਵਾਰ ਸਾਡੀ ਪ੍ਰਵਿਰਤੀ ਉਲਟ ਪਾਸੇ ਵੱਲ ਜਾਣ ਅਤੇ ਮਸੀਹੀਅਤ ਨੂੰ ਬੁੱਧੀ ਅਤੇ ਇੱਛਾ ਦੀ ਗੱਲ ਦੀ ਦੇ ਰੂਪ ਵਿੱਚ ਵੇਖਣ ਦੀ ਕੋਸ਼ਿਸ਼ ਕਰਨ ਵਾਲੀ ਹੁੰਦੀ ਹੈ; ਅਸੀਂ ਸਾਰੀਆਂ ਭਾਵਨਾਵਾਂ ਦੇ ਬਾਰੇ ਸੰਦੇਹਵਾਦੀ ਹੋ ਸਕਦੇ ਹਾਂ। ਇਹ ਰਵੱਈਆ ਲੋਕਾਂ ਦੇ ਲਈ ਆਪਣੇ ਆਪ ਨੂੰ ਕਸੂਰਵਾਰ ਜਾਂ ਅਸੁਰੱਖਿਅਤ ਮਹਿਸੂਸ ਕਰਨ ਦਾ ਕਾਰਣ ਬਣ ਸਕਦਾ ਹੈ ਜਦੋਂ ਉਹ ਸੰਦੇਹਾਂ, ਡਰਾਂ, ਜਾਂ ਨਿਰਾਸ਼ਾ ਦਾ ਅਨੁਭਵ ਕਰਦੇ ਹਨ; ਪਰ ਪਰਮੇਸ਼ੁਰ ਪ੍ਰੇਮੀ ਸੁਰਗੀ ਪਿਤਾ ਹੈ ਅਤੇ ਉਹ ਸਾਥੋਂ ਚਾਹੁੰਦਾ ਹੈ ਕਿ ਅਸੀਂ ਉਸ ਨਾਲ ਇੱਕ ਸੱਚਾ ਅਤੇ ਈਮਾਨਦਾਰ ਰਿਸ਼ਤਾ ਬਣਾਈਏ ਅਤੇ ਉਸ ਨਾਲ ਆਪਣੇ ਸਾਰੇ ਬੋਝਾਂ ਅਤੇ ਚਿੰਤਾਵਾਂ ਨੂੰ ਸਾਂਝਾ ਕਰੀਏ। ਪਰਮੇਸ਼ੁਰ ਨਹੀਂ ਚਾਹੁੰਦਾ ਕਿ ਉਸ ਦੇ ਲੋਕ ਖੁਸ਼ ਹੋਣ ਦਾ ਵਿਖਾਵਾ ਕਰਨ ਜਦੋਂ ਉਹ ਆਪਣੀ ਨਿਹਚਾ ਨਾਲ ਸੰਘਰਸ਼ ਕਰ ਰਹੇ ਹੁੰਦੇ ਹਨ ਅਤੇ ਭਾਵਨਾਤਮਕ ਤੌਰ ਤੇ ਦੁੱਖ ਝੱਲ ਰਹੇ ਹੁੰਦੇ ਹਨ। ਇਸ ਦੇ ਉਲਟ, ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਆਪਣੀ ਸਾਰੀ ਚਿੰਤਾ ਉਸ ਉੱਤੇ ਸੁੱਟ ਦੇਈਏ ਕਿਉਂਕਿ ਉਸ ਨੂੰ ਸੱਚਮੁੱਚ ਸਾਡਾ ਫ਼ਿਕਰ ਹੈ (1 ਪਤਰਸ 5:7)। ਜਦੋਂ ਲੋਕ ਸੰਦੇਹ ਅਤੇ ਡਰ ਦੇ ਸਮਿਆਂ ਵਿੱਚ ਉੱਤਰਾਂ ਲਈ ਪਰਮੇਸ਼ੁਰ ਨੂੰ ਪੁਕਾਰਦੇ ਹਨ, ਉਨ੍ਹਾਂ ਨੂੰ ਪਰਮੇਸ਼ੁਰ ਦੇ ਵੱਲੋਂ ਅਤੇ ਉਸ ਦੇ ਲੋਕਾਂ ਦੇ ਵੱਲੋਂ ਪਿਆਰ ਭਰੇ ਭਰੋਸੇ ਅਤੇ ਉਤਸ਼ਾਹ ਦੀ ਲੋੜ ਹੁੰਦੀ ਹੈ।

*ਪਰਮੇਸ਼ੁਰ ਵੱਲੋਂ ਉਸ ਦਾ ਦਿਲਾਸਾ।* ਯਹੋਵਾਹ ਜਾਣਦਾ ਸੀ ਕਿ ਅਬਰਾਹਾਮ ਡਰਾਂ ਅਤੇ ਸੰਦੇਹਾਂ ਦਾ ਅਨੁਭਵ ਕਰ ਰਿਹਾ ਸੀ। ਪਰਮੇਸ਼ੁਰ ਉਸ ਦੇ ਕੋਲ ਆਰੋਪ ਨਾਲ ਨਹੀਂ, ਪਰ ਉਸ ਦੇ ਡਰਾਂ ਨੂੰ ਘੱਟ ਕਰਨ ਦੇ ਲਈ ਇੱਕ ਦਰਸ਼ਣ ਨਾਲ ਪਹੁੰਚਿਆ। ਉਤਪਤ 15 ਅਧਿਆਇ ਇਹ ਦੱਸਣ ਨਾਲ ਸ਼ੁਰੂ ਹੁੰਦਾ ਹੈ, "ਯਹੋਵਾਹ ਦਾ ਬਚਨ ਅਬਰਾਮ ਕੋਲ ਦਰਸ਼ਨ ਵਿੱਚ ਆਇਆ ਕਿ ਨਾ ਡਰ ਅਬਰਾਮ" (15:1)। ਬਾਈਬਲ ਵਿੱਚ ਪਹਿਲੀ ਵਾਰ ਇਹ ਉਤਸ਼ਾਹ ਦੇਣ ਵਾਲੇ ਸ਼ਬਦ ਆਏ ਕਿ "ਨਾ ਡਰ।" ਪਰਮੇਸ਼ੁਰ ਨੇ ਕਈ ਮੌਕਿਆਂ ਤੇ ਉਨ੍ਹਾਂ ਨੂੰ ਦੁਹਰਾਇਆ ਸੀ: ਇਸਹਾਕ ਲਈ, ਗਰਾਰ ਦੇ ਕੁਝ ਚਰਵਾਹਿਆਂ ਨਾਲ ਉਸ ਦੇ ਟਾਕਰੇ ਤੋਂ ਬਾਅਦ (26:24); ਯਾਕੂਬ ਲਈ, ਉਸ ਦੇ ਮਿਸਰ ਵਿੱਚ ਜਾਣ ਸੰਬੰਧੀ (46:3) ਅਤੇ ਬਹੁਤ ਵਾਰ ਇਸਰਾਏਲ ਦੇ ਲੋਕਾਂ ਦੇ ਲਈ ਜਦੋਂ ਉਹ ਮਿਸਰ ਨੂੰ ਛੱਡ ਕੇ ਗਏ ਅਤੇ ਜਦੋਂ ਉਹ ਉਜਾੜ ਵਿੱਚ ਜਾ ਰਹੇ ਸਨ (ਕੂਚ 14:13;

20:20; ਗਿਣਤੀ 14:9; ਬਿਵਸਥਾ ਸਾਰ 1:21)। ਹਰ ਸਥਿਤੀ ਵਿੱਚ, ਪਰਮੇਸ਼ੁਰ ਨੇ ਜਾਂ ਤਾਂ ਆਪਣੇ ਆਪ ਦੀ ਪਛਾਣ "ਮੈ ਹਾਂ" ਵਾਕ ਨਾਲ ਕਰਵਾਈ ਜਾਂ ਮੂਸਾ ਨੇ ਉਸ ਦਾ "ਪਰਮੇਸ਼ੁਰ" ਜਾਂ "ਯਹੋਵਾਹ" ਵਜੋਂ ਹਵਾਲਾ ਦਿੱਤਾ ਅਤੇ ਉਸ ਦਾ ਵਰਣਨ ਕੀਤਾ ਜੋ ਉਸ ਨੇ ਕੀਤਾ ਸੀ ਜਾਂ ਆਪਣੇ ਲੋਕਾਂ ਦੇ ਲਈ ਕਰੇਗਾ।

ਨਵੇਂ ਨੇਮ ਵਿੱਚ ਬਹੁਤ ਵਾਰ, ਜਾਂ ਤਾਂ ਖੁਦ ਯਿਸੂ ਨੇ ਜਾਂ ਦੂਤਾਂ ਨੇ "ਨਾ ਡਰੋ" ਵਾਕ ਦੀ ਵਰਤੋਂ ਕੀਤੀ। ਇਨ੍ਹਾਂ ਸ਼ਬਦਾਂ ਨੇ ਪਰਮੇਸ਼ੁਰ ਦੇ ਲੋਕਾਂ ਨਾਲ ਉਸ ਦੀ ਹਜ਼ੂਰੀ ਅਤੇ ਉਨ੍ਹਾਂ ਨੂੰ ਬਰਕਤ ਦੇਣ ਦੀ ਉਸ ਦੀ ਇੱਛਾ ਦੀ ਪੁਸ਼ਟੀ ਕੀਤੀ ਸੀ। ਦਿਲਾਸਾ ਦੇਣ ਵਾਲੀ ਇਹ ਗੱਲ ਜ਼ਕਰਯਾਹ, ਯੂਸੁਫ਼, ਮਰੀਅਮ, ਚੇਲਿਆਂ, ਪੌਲੁਸ ਅਤੇ ਯੂਹੰਨਾ ਨੂੰ ਕਹੀ ਗਈ ਸੀ।[20] ਜਦੋਂ ਪਰਮੇਸ਼ੁਰ ਨੇ ਅਬਰਾਹਾਮ ਨੂੰ ਕਿਹਾ ਕਿ ਨਾ ਡਰ, ਉਹ ਜਾਣਦਾ ਸੀ ਕਿ ਉਸ ਦੀ ਸਭ ਤੋਂ ਵੱਡੀ ਜਰੂਰਤ ਵਾਧੂ ਵਾਅਦੇ ਨਹੀਂ ਸਨ, ਪਰ ਇਸ ਤੱਥ ਦਾ ਭਰੋਸਾ ਸੀ ਕਿ ਯਹੋਵਾਹ ਉਸ ਦੇ ਨਾਲ ਸੀ ਅਤੇ ਉਸ ਨੂੰ ਬਰਕਤ ਦੇਣ ਦੇ ਲਈ ਲਗਾਤਾਰ ਉਸ ਦੇ ਜੀਵਨ ਵਿੱਚ ਕੰਮ ਕਰਦਾ ਰਹੇਗਾ।

ਪਰਮੇਸ਼ੁਰ ਨੇ ਇਹ ਕਹਿਣ ਦੁਆਰਾ ਆਪਣੀ ਗੱਲ ਨੂੰ ਜਾਰੀ ਰੱਖਿਆ, "ਮੈਂ ਤੇਰੇ ਲਈ ਢਾਲ [מָגֵן, *ਮੇਗਾਨ*] ਹਾਂ" (15:1)। ਇਹ ਕਹਿਣ ਤੋਂ ਉਸ ਦਾ ਭਾਵ ਇਹ ਸੀ ਕਿ ਉਹ ਸੰਕਟ ਦੇ ਸਮਿਆਂ ਵਿੱਚ ਅਬਰਾਹਾਮ ਦੇ ਲਈ ਸੁਰੱਖਿਆ ਦੀ ਢਾਲ ਹੋਵੇਗਾ। ਨਵੇਂ ਨੇਮ ਵਿੱਚ, ਪੌਲੁਸ ਨੇ "ਦੁਸ਼ਟ ਦੇ ਸਾਰੇ ਅਗਣ ਬਾਣਾਂ ਨੂੰ ਬੁਝਾਉਣ" ਦੇ ਲਈ "ਨਿਹਚਾ ਦੀ ਢਾਲ" ਲੈਣ ਦੀ ਬੇਨਤੀ ਕੀਤੀ ਸੀ (ਅਫ਼ਸੀਆਂ 6:16)।

ਇਹੋ ਜਿਹੀ ਸਲਾਹ ਕੁਝ ਨਿਪੁੰਨ ਮਸੀਹੀ ਲੋਕਾਂ ਦੀ ਸਮਝ ਦੇ ਉਲਟ ਹੈ। ਉਹ ਸੋਚਦੇ ਹਨ ਕਿ ਪਰਮੇਸ਼ੁਰ ਅਤੇ ਮਸੀਹ ਵਿੱਚ ਨਿਹਚਾ ਇੰਨੀ ਕਮਜ਼ੋਰ ਹੈ ਕਿ ਸਾਨੂੰ ਇਸ ਦੇ ਪ੍ਰਤੀ ਆਉਣ ਵਾਲੇ ਕਿਸੇ ਵੀ ਵਿਰੋਧ ਅਤੇ ਖ਼ਤਰੇ ਤੋਂ ਬਚਣਾ ਚਾਹੀਦਾ ਹੈ ਅਤੇ ਹਰ ਸਮੇਂ ਇਸ ਨੂੰ ਸੁਰੱਖਿਅਤ ਰੱਖਣਾ ਚਾਹੀਦਾ ਹੈ। ਪ੍ਰਤੀਕਾਤਮਕ ਰੂਪ ਵਿੱਚ ਗੱਲ ਕਰੀਏ, ਤਾਂ ਉਹ ਚਾਹੁੰਦੇ ਹਨ ਕਿ ਅਸੀਂ ਆਪਣੀ ਨਿਹਚਾ (ਢਾਲ) ਨੂੰ ਆਪਣੇ ਕੋਟਾਂ (ਹਥਿਆਰਬੰਦ ਜਾਂ ਕਵਚ) ਵਿੱਚ ਲੁਕਾ ਕੇ ਰੱਖੀਏ ਤਾਂ ਕਿ ਕੋਈ ਇਸ ਨੂੰ ਸਾਡੇ ਕੋਲੋਂ ਖੋਹ ਨਾ ਸਕੇ। ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਪੌਲੁਸ ਇਸ ਦੇ ਉਲਟ ਕਹਿ ਰਿਹਾ ਸੀ, ਅਸਲ ਵਿੱਚ ਉਹ ਸਾਨੂੰ ਕਹਿ ਰਿਹਾ ਸੀ ਕਿ "ਤੁਹਾਨੂੰ ਆਪਣੀ ਨਿਹਚਾ [ਤੁਹਾਡੀ ਢਾਲ] ਨੂੰ ਬਚਾ ਕੇ ਰੱਖਣ ਦੀ ਲੋੜ ਨਹੀਂ ਹੈ। ਇਸ ਨੂੰ ਸਾਹਮਣੇ ਪਾ ਕੇ ਰੱਖੋ ਅਤੇ ਇਸ ਨੂੰ ਇਸਤੇਮਾਲ ਕਰੋ ਅਤੇ ਇਹ ਤੁਹਾਡੀ ਸੁਰੱਖਿਆ ਕਰੇਗੀ!"

ਅਗਲੀ ਗੱਲ, ਪਰਮੇਸ਼ੁਰ ਨੇ ਅੱਤ ਵੱਡੇ "ਅਜਰ" ਦੇ ਵਾਅਦੇ ਰਾਹੀਂ ਦਿਲਾਸਾ ਦਿੱਤਾ (15:1)। ਇਸ ਮੌਕੇ ਤੇ, ਪੁਰਖਾ ਇਹੋ ਜਿਹੇ ਵਾਅਦੇ ਨਾਲ ਸੰਤੁਸ਼ਟ ਨਹੀਂ ਸੀ। ਇਸ ਦਾ ਅਰਥ ਇਹ ਨਹੀਂ ਹੈ ਕਿ ਉਹ ਉਸ ਦੀ ਪ੍ਰਸ਼ੰਸਾ ਕਰਨ ਵਿੱਚ ਅਸਫ਼ਲ ਰਿਹਾ ਸੀ ਜੋ ਯਹੋਵਾਹ ਉਸ ਦੇ ਲਈ ਉਦੋਂ ਤੋਂ ਕਰਦਾ ਆ ਰਿਹਾ ਸੀ ਜਦੋਂ ਦਾ ਉਹ ਕਈ ਸਾਲ ਪਹਿਲਾਂ ਊਰ ਵਿੱਚ ਨਿੱਕਲਿਆ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਅਬਰਾਹਾਮ ਪਰਮੇਸ਼ੁਰ ਦਾ ਧੰਨਵਾਦੀ ਸੀ ਕਿਉਂਕਿ ਪਰਮੇਸ਼ੁਰ ਨੇ ਉਸ ਨੂੰ ਵਾਧੂ ਧਨ ਦੌਲਤ, ਭੇਡਾਂ ਬੱਕਰੀਆਂ ਅਤੇ ਇੱਜੜ ਦੀ ਬਰਕਤ ਦਿੱਤੀ ਸੀ, ਉਸ ਨੂੰ ਉਸ ਦੇ ਵੈਰੀਆਂ ਤੋਂ ਬਚਾ ਕੇ ਰੱਖਿਆ ਸੀ ਅਤੇ ਉਸ ਨੂੰ ਕਨਾਨ ਦੇਸ ਦਾ ਵਾਇਦਾ ਦਿੱਤਾ ਸੀ; ਫਿਰ ਵੀ ਇਨ੍ਹਾਂ ਸਾਰੀਆਂ ਬਰਕਤਾਂ ਨੂੰ ਅਧਿਕਾਰ ਵਿੱਚ ਲੈਣ ਦੇ ਲਈ ਉਸ ਦਾ ਕੋਈ ਵਾਰਿਸ ਨਹੀਂ ਸੀ। ਇਹ ਡੂੰਘੀ ਚਿੰਤਾ ਅਬਰਾਹਾਮ ਨੂੰ ਪਰਮੇਸ਼ੁਰ ਨਾਲ ਨੇਕ ਬਣਨ ਅਤੇ ਉਹ ਪਰਗਟ ਕਰਨ ਵੱਲ ਲੈ ਗਈ ਜੋ ਉਸ ਦੇ ਦਿਲ ਵਿੱਚ ਸੀ।

*ਪਰਮੇਸ਼ੁਰ ਦੇ ਵਾਅਦੇ ਨਾਲ ਉਸ ਦੀ ਨਿਰਾਸ਼ਾ।* ਮੁੱਖ ਤੌਰ ਤੇ, ਅਬਰਾਹਾਮ ਇੱਕ ਸੁਭਾਵਕ ਵਾਰਿਸ ਦੀ ਕਮੀ ਦੇ ਕਾਰਣ ਨਿਰਾਸ਼ ਸੀ। ਪ੍ਰਾਚੀਨ ਸਮਿਆਂ ਵਿੱਚ, ਜਦੋਂ ਕਿਸੇ ਜੋੜੇ ਦਾ ਵਿਆਹ

ਹੁੰਦਾ ਸੀ, ਉਨ੍ਹਾਂ ਦੀ ਮੁੱਖ ਇੱਛਾ ਇਹੀ ਹੁੰਦੀ ਸੀ ਕਿ ਯਹੋਵਾਹ ਉਨ੍ਹਾਂ ਨੂੰ ਬੱਚਿਆਂ ਦੀ ਅਸੀਸ ਦੇਵੇ। ਜਦੋਂ ਵਿਆਹੇ ਜੋੜੇ ਦੇ ਕੋਈ ਔਲਾਦ ਨਹੀਂ ਸੀ ਹੁੰਦੀ, ਤਾਂ ਬੱਚਾ ਨਾ ਜਣਨ ਦੀ ਉਨ੍ਹਾਂ ਦੀ ਅਸਮਰਥਤਾ ਨੂੰ ਉਨ੍ਹਾਂ ਤੇ ਇੱਕ ਕਿਸਮ ਦੇ ਸਰਾਪ ਦੇ ਰੂਪ ਵਿੱਚ ਵੇਖਿਆ ਜਾਂਦਾ ਸੀ (25:21; 30:1, 2; 1 ਸਮੂਏਲ 1:1, 2, 7, 19)।

ਹਾਲਾਂਕਿ ਪਰਮੇਸ਼ੁਰ ਨੇ ਅਬਰਾਹਾਮ ਨਾਲ ਬਾਰ-ਬਾਰ ਇਹ ਵਾਇਦਾ ਕੀਤਾ ਸੀ ਕਿ ਉਹ ਇੱਕ ਵੱਡੀ ਕੌਮ ਬਣੇਗਾ, ਉਸ ਦੇ ਅੱਸੀ ਸਾਲ ਦਾ ਹੋਣ ਅਤੇ ਸਾਰਾਹ ਦੇ ਸੱਤਰ ਸਾਲ ਦਾ ਹੋਣ ਦੇ ਬਾਵਜੂਦ ਵੀ ਉਹ ਹਾਲੇ ਤੱਕ ਬਾਂਝ ਸਨ (ਵੇਖੋ 12:4; 16:3; 17:17)। ਸੰਤਾਨ ਦੀ ਕਮੀ ਦੇ ਕਾਰਣ ਉਸ ਤੇ ਇੱਕ ਬਹੁਤ ਵੱਡਾ ਬੋਝ ਸੀ ਜਿਸ ਦੇ ਕਾਰਣ ਅਬਰਾਹਾਮ ਦਾ ਦਿਲ ਦੁਖੀ ਰਹਿੰਦਾ ਸੀ। ਕਿਉਂਕਿ ਉਹ ਅਤੇ ਉਸ ਦੀ ਪਤਨੀ ਬੁੱਢੇ ਹੁੰਦੇ ਜਾ ਰਹੇ ਸਨ, ਉਹ ਕਲਪਨਾ ਨਹੀਂ ਸੀ ਕਰ ਸਕਦਾ ਕਿ ਯਹੋਵਾਹ ਕਿਵੇਂ ਆਪਣੇ ਇਸ ਵਾਅਦੇ ਨੂੰ ਪੂਰਾ ਕਰੇਗਾ। ਕਿਉਂਕਿ ਪੁਰਖੇ ਨੇ ਲੰਬੀ ਆਸ ਨਾਲ ਕਈ ਸਾਲਾਂ ਤੋਂ ਉਡੀਕ ਕੀਤੀ ਸੀ, ਉਸ ਦਾ ਜੀਵਨ ਨਿਰਾਸ਼ਾ ਨਾਲ ਭਰ ਗਿਆ ਸੀ ਅਤੇ ਉਸ ਤੋਂ ਬਾਅਦ ਉਦਾਸੀ ਆਉਣਾ ਸੁਭਾਵਕ ਸੀ। ਉਸ ਨੂੰ ਇਸ ਤਰ੍ਹਾਂ ਪ੍ਰਤੀਤ ਹੁੰਦਾ ਸੀ ਕਿ ਪਰਮੇਸ਼ੁਰ ਉਸ ਨੂੰ ਵਾਰਿਸ ਦੇਣ ਲਈ ਕੁਝ ਨਹੀਂ ਸੀ ਕਰ ਰਿਹਾ, ਇਸ ਲਈ ਅਬਰਾਹਾਮ ਨੇ ਪਰਮੇਸ਼ੁਰ ਅੱਗੇ ਸ਼ਿਕਾਇਤ ਕੀਤੀ ਕਿ ਉਹ ਬੇਔਲਾਦ ਹੈ ਅਤੇ ਕਿਹਾ ਕਿ ਉਸ ਨੇ ਦੰਮਿਸਕੀ ਅਲੀਅਜ਼ਰ ਨੂੰ ਆਪਣਾ ਵਾਰਿਸ ਬਣਾ ਲਿਆ ਹੈ (15:2, 3)।

ਪਰਮੇਸ਼ੁਰ ਨੇ ਆਪਣੇ ਵਾਅਦੇ ਨੂੰ ਹੋਰ ਸਪੱਸ਼ਟ ਕਰਨ ਦੇ ਦੁਆਰਾ ਅਬਰਾਹਾਮ ਨੂੰ ਉਤਸ਼ਾਹਿਤ ਕੀਤਾ। ਜਦੋਂ ਯਹੋਵਾਹ ਦਾ ਵਚਨ ਫੇਰ ਅਬਰਾਹਾਮ ਦੇ ਕੋਲ ਆਇਆ, ਉਸ ਨੂੰ ਦੱਸਿਆ ਗਿਆ ਕਿ ਅਲੀਅਜ਼ਰ ਉਸ ਦਾ ਵਾਰਿਸ ਨਹੀਂ ਹੋਵੇਗਾ। ਉਸ ਦੇ ਆਪਣੇ ਤੁਖ਼ਮ ਵਿੱਚੋਂ ਇੱਕ ਬੱਚਾ ਜਨਮ ਲਵੇਗਾ ਅਤੇ ਉਸ ਬੱਚੇ ਦੀ ਅੰਸ ਉਨ੍ਹਾਂ ਸਾਰੀਆਂ ਬਰਕਤਾਂ ਦੀ ਅਧਿਕਾਰੀ ਹੋਵੇਗੀ ਜਿਨ੍ਹਾਂ ਦਾ ਅਬਰਾਹਾਮ ਨੂੰ ਵਾਇਦਾ ਦਿੱਤਾ ਗਿਆ ਸੀ (15:4)। ਯਹੋਵਾਹ ਨੇ ਉਸ ਵਾਅਦੇ ਤੋਂ ਬਾਅਦ ਇੱਕ ਉਦਾਹਰਣ ਦਿੱਤਾ: ਉਸ ਨੇ ਕਿਹਾ ਕਿ ਅਕਾਸ਼ ਵੱਲ ਵੇਖ ਅਤੇ ਤਾਰਿਆਂ ਨੂੰ ਗਿਣ, ਜੇਕਰ ਉਹ ਗਿਣ ਸਕਦਾ ਹੈ। ਪਰਮੇਸ਼ੁਰ ਨੇ ਇਹ ਕਹਿਣ ਦੁਆਰਾ ਆਪਣੀ ਗੱਲ ਨੂੰ ਖਤਮ ਕੀਤਾ, "ਐੱਨੀ ਹੀ ਤੇਰੀ ਅੰਸ ਹੋਵੇਗੀ" (15:5)। ਅਬਰਾਹਾਮ ਅਤੇ ਸਾਰਾਹ ਨੂੰ ਨਿਹਚਾ ਸੰਬੰਧੀ ਇੱਕ ਮੁਸ਼ਕਲ ਸਬਕ ਸਿੱਖਣ ਨੂੰ ਮਿਲਿਆ ਸੀ ਉਹ ਸਬਕ ਜੋ ਸਾਨੂੰ ਸਾਰਿਆਂ ਨੂੰ ਸਿੱਖਣ ਦੀ ਲੋੜ ਹੈ: *ਯਹੋਵਾਹ ਦੀ ਇੱਛਾ ਉਸ ਦੇ ਆਪਣੇ ਤਰੀਕੇ ਨਾਲ ਅਤੇ ਉਸ ਦੇ ਆਪਣੇ ਸਮੇਂ ਅਨੁਸਾਰ ਪੂਰੀ ਹੋਣੀ ਚਾਹੀਦੀ ਹੈ।* ਪਰਮੇਸ਼ੁਰ ਦੇ ਲੋਕਾਂ ਨੇ ਧਰਮੀ ਦੇ ਲਈ ਉਸ ਦੀਆਂ ਬਰਕਤਾਂ ਜਾਂ ਦੁਸ਼ਟ ਤੇ ਨਿਆਂਵਾਂ ਦੀ ਕਥਿਤ ਦੇਰੀ ਨਾਲ ਹਮੇਸ਼ਾ ਜੱਦੋ-ਜਹਿਦ ਕੀਤੀ ਹੈ।

ਜ਼ਬੂਰ ਲਿਖਣ ਵਾਲੇ ਨੇ ਯਹੋਵਾਹ ਦੇ ਅੱਗੇ ਬੇਨਤੀ ਕੀਤੀ ਕਿ ਹੇ ਯਹੋਵਾਹ ਦੇਰ ਨਾ ਕਰ, ਪਰ ਆਪਣੀ "ਨੀਂਦ" ਤੋਂ "ਜਾਗ" ਅਤੇ ਆਪਣੇ ਲੋਕਾਂ ਨੂੰ "ਸਦਾ ਤੀਕ ਤਿਆਗ ਨਾ ਦੇਹ" (ਜ਼ਬੂਰ 44:23)। ਉਸ ਦਾ ਮੰਨਣਾ ਸੀ ਕਿ ਪਰਮੇਸ਼ੁਰ ਇਸਰਾਏਲ ਦੇ "ਦੁਖ ਤੇ ਦਬਾਓ ਨੂੰ" ਵਿਸਾਰ ਚੁੱਕਾ ਸੀ, ਜਿਹੜੇ "ਪਰਾਈਆਂ ਕੌਮਾਂ ਵਿੱਚ ਖਿੰਡਾ ਦਿੱਤੇ" ਗਏ ਸਨ (ਜ਼ਬੂਰ 44:11, 24; ਵੇਖੋ 9:19; 102:13)। ਉਸੇ ਤਰ੍ਹਾਂ, ਲਗਭਗ ਚਾਹਲੀ ਸਾਲਾਂ ਦੀ ਸੇਵਕਾਈ ਦੌਰਾਨ, ਯਿਰਮਿਯਾਹ ਨੇ ਛੇ ਵਿਰਲਾਪਾਂ ਵਿੱਚ ਯਹੋਵਾਹ ਦੇ ਅੱਗੇ ਆਪਣੀ ਨਿਰਾਸ਼ਾ ਅਤੇ ਵਿਆਕੁਲਤਾ ਨੂੰ ਪਰਗਟ ਕੀਤਾ ਸੀ। ਉਹ ਇਹ ਨਹੀਂ ਸਮਝ ਸਕਿਆ ਕਿ ਪਰਮੇਸ਼ੁਰ ਦੁਸ਼ਟ ਤੇ ਨਿਆਉਂ ਲਿਆਉਣ ਵਿੱਚ ਦੇਰੀ ਕਿਉਂ ਕਰ ਰਿਹਾ ਸੀ। ਨਬੀ ਆਪਣੀ ਸੇਵਕਾਈ ਵਿੱਚ ਵਫ਼ਾਦਾਰ ਰਿਹਾ, ਪਰ ਯਰੂਸ਼ਲਮ ਦੇ ਲੋਕਾਂ ਨੇ ਉਸ ਨੂੰ ਠੱਠਾ ਕੀਤਾ ਅਤੇ ਉਸ ਦਾ ਮਜਾਕ ਉਡਾਇਆ। ਸਗੋਂ ਉਸ ਦੇ ਆਪਣੇ ਰਿਸ਼ਤੇਦਾਰਾਂ ਸਮੇਤ ਉਸ ਸ਼ਹਿਰ ਦੇ ਲੋਕਾਂ ਨੇ ਜਿੱਥੇ ਉਹ ਜੰਮਿਆ ਪਲਿਆ ਸੀ, ਉਸ ਨੂੰ ਗਾਲ੍ਹਾਂ ਕੱਢੀਆਂ, ਉਸ

ਦੇ ਵਿਰੁੱਧ ਸਾਜਸ਼ ਰਚੀ ਅਤੇ ਉਸ ਦੇ ਜੀਵਨ ਨੂੰ ਖਤਮ ਕਰਨਾ ਚਾਹਿਆ (ਯਿਰਮਿਯਾਹ 11:18-23; 15:10-18; 17:14-18; 18:18-23; 20:7-18)।

ਨਵੇਂ ਨੇਮ ਵਿੱਚ, ਪਤਰਸ ਉਨ੍ਹਾਂ ਨੂੰ ਲੋਕਾਂ ਨੂੰ ਜਾਣਦਾ ਸੀ ਜਿਨ੍ਹਾਂ ਨੇ ਪ੍ਰਭੂ ਦੇ ਦੁਬਾਰਾ ਵਾਪਸ ਆ ਕੇ ਦੁਸ਼ਟ ਦਾ ਨਿਆਉਂ ਕਰਨ ਅਤੇ ਧਰਮੀ ਨੂੰ ਧਰਮੀ ਠਹਿਰਾਉਣ ਦੇ ਵਿਚਾਰ ਦਾ ਮਜਾਕ ਉਡਾਇਆ ਸੀ। ਉਸ ਨੇ ਲਿਖਿਆ ਕਿ ਪ੍ਰਭੂ ਦੇ "ਵਾਅਦੇ" ਵਿੱਚ ਦੇਰੀ ਦਾ ਕਾਰਣ ਉਨ੍ਹਾਂ ਦਾ ਕੁਫ਼ਰ ਬਕਣਾ ਸੀ। ਫਿਰ ਵੀ, ਰਸੂਲ ਨੇ ਕਿਹਾ ਕਿ ਪ੍ਰਭੂ ਇਸ ਲਈ ਦੇਰੀ ਕਰ ਰਿਹਾ ਸੀ ਕਿਉਂਕਿ ਉਹ ਨਹੀਂ "ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ" (2 ਪਤਰਸ 3:3, 4, 9)। ਸੁਰਗੀ ਜਗਵੇਦੀ ਦੇ ਹੇਠੋਂ ਧਰਮੀ ਸ਼ਹੀਦਾਂ ਦਾ ਲਹੂ ਇਹ ਪੁਕਾਰ ਕੇ ਕਹਿੰਦਾ ਹੈ ਕਿ "ਹੇ ਸੁਆਮੀ ਜੀ, ਜਿਹੜਾ ਪਵਿੱਤਰ ਅਤੇ ਸਤ ਹੈ ਕਦੋਂ ਤੋੜੀ ਤੂੰ ਨਿਆਉਂ ਨਹੀਂ ਕਰਦਾ ਅਤੇ ਧਰਤੀ ਦੇ ਵਾਸੀਆਂ ਕੋਲੋਂ ਸਾਡੇ ਲਹੂ ਦਾ ਵੱਟਾ ਨਹੀਂ ਲੈਂਦਾ ਹੈਂ?" (ਪਰਕਾਸ਼ 6:10)।

ਪਰਮੇਸ਼ੁਰ ਦਾ ਅਕਸਰ ਕੋਈ ਨਾ ਕੋਈ ਉਦੇਸ਼ ਜ਼ਰੂਰ ਹੁੰਦਾ ਹੈ ਜਿਸ ਨੂੰ ਮਨੁੱਖੀ ਸੋਚ ਨਹੀਂ ਸਮਝ ਸਕਦੀ। ਅਬਰਾਹਾਮ ਸ਼ਾਇਦ ਉਹ ਪਹਿਲਾਂ ਵਿਅਕਤੀ ਹੋ ਸਕਦਾ ਹੈ ਜਿਸ ਨੇ ਪਰਮੇਸ਼ੁਰ ਦੇ ਵਾਅਦੇ ਦੇ ਮੱਠਾ ਹੋਣ ਬਾਰੇ ਸ਼ਿਕਾਇਤ ਕੀਤੀ ਹੋਵੇਗੀ, ਪਰ ਨਿਸ਼ਚਤ ਤੌਰ ਤੇ ਉਹ ਇਹ ਸ਼ਿਕਾਇਤ ਕਰਨ ਵਾਲਾ ਆਖ਼ਰੀ ਵਿਅਕਤੀ ਨਹੀਂ ਸੀ। ਅਬਰਾਹਾਮ ਅਤੇ ਸਾਰਾਹ ਨੇ ਸੋਚਿਆ ਵੀ ਨਹੀਂ ਸੀ ਕਿ ਪਰਮੇਸ਼ੁਰ ਇਸਹਾਕ ਦੇ ਸਾਰਾਹ ਦੀ ਕੁੱਖ ਵਿੱਚ ਠਹਿਰਣ ਦੇ ਲਈ ਤਦ ਤੱਕ ਉਡੀਕ ਕਰੇਗਾ ਜਦੋਂ ਤੱਕ ਉਨ੍ਹਾਂ ਦੀਆਂ ਦੇਹੀਆਂ "ਮੁਰਦੇ ਵਰਗੀਆਂ ਨਹੀਂ ਹੋ ਜਾਂਦੀਆਂ" (ਰੋਮੀਆਂ 4:19)। ਇਸ ਦਾ ਕਾਰਣ ਇਹ ਵਿਖਾਉਣਾ ਸੀ ਕਿ "ਕੋਈ ਗੱਲ ਯਹੋਵਾਹ ਲਈ ਔਖੀ ਨਹੀਂ ਹੈ" (18:13)। ਜੀਵਨ ਦੇਣ ਵਾਲੀ ਅਜਿਹੀ ਸ਼ਕਤੀ ਨੂੰ ਵਰਤ ਕੇ, ਪਰਮੇਸ਼ੁਰ ਇਹ ਨਿਸ਼ਚਤ ਕਰੇਗਾ ਕਿ ਮਹਿਮਾ ਉਸ ਦੀ ਹੀ ਹੋਵੇਗੀ। ਉਹ ਭਵਿੱਖ ਦੀਆਂ ਪੀੜ੍ਹੀਆਂ ਨੂੰ ਉਸ ਤੇ ਸੱਚੇ ਜੀਉਂਦੇ ਪਰਮੇਸ਼ੁਰ ਵਜੋਂ ਵਿਸ਼ਵਾਸ ਕਰਨ ਅਤੇ ਆਪਣੀ ਇੱਛਾ ਨਾਲ ਉਸ ਦੀ ਸੇਵਾ ਕਰਨ ਦਾ ਕਾਰਣ ਦੇ ਰਿਹਾ ਸੀ। ਸੌਖੇ ਤਰੀਕੇ ਨਾਲ ਕਹੀਏ ਤਾਂ ਸਾਰੇ ਯੁੱਗਾਂ ਵਿੱਚ ਪਰਮੇਸ਼ੁਰ ਦੇ ਲੋਕਾਂ ਦੇ ਵਾਂਗ, ਵਿਸ਼ਵਾਸੀਆਂ ਦੇ ਪਿਤਾ ਨੂੰ ਵੀ ਭਰੋਸਾ ਕਰਨ ਵਾਲੀ ਨਿਹਚਾ ਨਾਲ "ਯਹੋਵਾਹ ਦੀ ਉਡੀਕ" ਕਰਨੀ ਪਈ ਸੀ (ਯਸਾਯਾਹ 40:31)।

*ਉਸ ਦਾ ਨਿਹਚਾ ਵਾਲਾ ਜਵਾਬ।* ਜਿਵੇਂ ਕਿ ਪਰਮੇਸ਼ੁਰ ਨੇ ਪਹਿਲਾਂ ਕੀਤਾ ਸੀ, ਪਰਮੇਸ਼ੁਰ ਨੇ ਇੱਕ ਵਾਰ ਫੇਰ ਅਬਰਾਹਾਮ ਨੂੰ ਖੁਸ਼ਖ਼ਬਰੀ ਦਾ ਪਰਚਾਰ ਕੀਤਾ ਕਿ ਉਹ ਕੌਣ ਹੈ ਅਤੇ ਉਹ ਮਨੁੱਖਜਾਤੀ ਨੂੰ ਅਸੀਸ ਦੇਣ ਲਈ ਕੀ ਕਰਦਾ ਹੈ। ਪਰਮੇਸ਼ੁਰ ਨੇ ਉਸ ਨੂੰ ਭਰੋਸਾ ਦਿਵਾਇਆ ਕਿ ਉਸ ਦੀ ਆਪਣੀ ਦੇਹੀ ਵਿੱਚੋਂ ਇੱਕ ਪੁੱਤਰ ਜਨਮ ਲਵੇਗਾ ਅਤੇ ਉਸ ਦੀ ਅੰਸ ਅਕਾਸ਼ ਦੇ ਤਾਰਿਆਂ ਜਿੰਨੀ ਅਣਗਿਣਤ ਹੋਵੇਗੀ। ਇਸ ਖੁਸ਼ਖ਼ਬਰੀ ਦੇ ਜਵਾਬ ਵਿੱਚ, "[ਅਬਰਾਹਾਮ] ਨੇ ਯਹੋਵਾਹ ਦੀ ਪਰਤੀਤ ਕੀਤੀ ਅਤੇ ਉਸ ਨੇ ਉਹ ਦੇ ਲਈ ਏਸ ਗੱਲ ਨੂੰ ਧਰਮ ਗਿਣਿਆ" (15:6)। ਇਹ, ਬੇਸ਼ੱਕ, ਪੁਰਖੇ ਦੀ ਨਿਹਚਾ ਦੀ ਸ਼ੁਰੂਆਤ ਨਹੀਂ ਸੀ। ਇਬਰਾਨੀਆਂ ਦੇ ਲੇਖਕ ਨੇ ਕਿਹਾ ਹੈ ਕਿ ਸ਼ੁਰੂ-ਸ਼ੁਰੂ ਵਿੱਚ ਜਦੋਂ ਉਹ ਮਸੋਪੋਤਾਮੀਆ ਵਿੱਚ ਸੀ ਅਬਰਾਹਾਮ ਨੇ "ਨਿਹਚਾ ਨਾਲ" ਪਰਮੇਸ਼ੁਰ ਦੇ ਸੱਦੇ ਦਾ ਜਵਾਬ ਦਿੱਤਾ, ਜਦੋਂ ਉਸ ਨੇ "ਓਸ ਥਾਂ ਜਾਣ ਦੀ ਆਗਿਆ ਮੰਨ ਲਈ ਜਿਹ ਨੂੰ ਉਹ ਨੇ ਅਧਕਾਰ ਵਿੱਚ ਲੈਣਾ ਸੀ, ਅਤੇ ਭਾਵੇਂ ਉਹ ਨਹੀਂ ਸੀ ਜਾਣਦਾ ਭਈ ਮੈਂ ਕਿੱਧਰ ਨੂੰ ਲਗਾ ਜਾਂਦਾ ਹਾਂ ਤਾਂ ਵੀ ਨਿੱਕਲ ਤੁਰਿਆ" (ਇਬਰਾਨੀਆਂ 11:8)।

ਬਾਈਬਲ ਸਾਨੂੰ ਦੱਸਦੀ ਹੈ ਕਿ ਨਿਹਚਾ ਅੰਸ਼-ਅੰਸ਼ ਕਰਕੇ ਵਧਦੀ ਜਾਂਦੀ ਹੈ ਜਦੋਂ ਇੱਕ ਵਿਅਕਤੀ ਪਰਮੇਸ਼ੁਰ ਨਾਲ ਚੱਲਣਾ ਸਿੱਖਦਾ ਹੈ। ਪ੍ਰਭੂ ਦੇ ਚੇਲੇ ਵਿਸ਼ਵਾਸੀ ਸਨ ਜਿਹੜੇ ਆਪਣੇ ਕੰਮ ਧੰਦੇ ਛੱਡ ਕੇ ਉਸ ਦੇ ਮਗਰ ਹੋ ਤੁਰੇ; ਪਰ ਕਦੀ-ਕਦੀ ਪ੍ਰਭੂ ਨੇ ਉਨ੍ਹਾਂ ਨੂੰ ਉਨ੍ਹਾਂ ਦੀ "ਥੋੜ੍ਹੀ

ਪਰਤੀਤ" ਕਾਰਣ ਉਨ੍ਹਾਂ ਨੂੰ ਝਿੜਕਿਆ ਸੀ (ਮੱਤੀ 6:30; 8:26; 16:8; 17:20)। ਚੇਲੇ ਵੱਡੀ ਪਰਤੀਤ ਦੇ ਲਈ ਉਨ੍ਹਾਂ ਦੀ ਲੋੜ ਨੂੰ ਸਮਝ ਗਏ, ਇਸ ਲਈ ਉਨ੍ਹਾਂ ਨੇ ਪ੍ਰਭੂ ਨੂੰ ਉਨ੍ਹਾਂ ਦੀ ਨਿਹਚਾ ਨੂੰ "ਵਧਾਉਣ" ਲਈ ਆਖਿਆ (ਲੂਕਾ 17:5)। ਕਦੀ-ਕਦੀ, ਯਿਸੂ ਨੇ ਵੱਖ-ਵੱਖ ਵਿਅਕਤੀਆਂ ਦੀ ਉਨ੍ਹਾਂ ਦੀ "ਵੱਡੀ ਨਿਹਚਾ" ਦੇ ਲਈ ਸ਼ਲਾਘਾ ਵੀ ਕੀਤੀ (ਮੱਤੀ 8:10; 15:28)। ਜਿਵੇਂ ਕਿ ਅਸੀਂ ਯੂਹੰਨਾ ਦੀ ਇੰਜੀਲ ਤੋਂ ਵੀ ਜਾਣਦੇ ਹਾਂ ਕਿ ਕੁਝ ਲੋਕ ਜਿਨ੍ਹਾਂ ਨੇ ਯਿਸੂ ਤੇ ਪਰਤੀਤ ਕੀਤੀ ਸੀ ਨਹੀਂ ਸੀ ਬਚਾਏ ਗਏ ਕਿਉਂਕਿ ਉਹ ਹਾਲੇ ਵੀ ਪਾਪ ਦੇ ਗੁਲਾਮ ਸਨ (ਯੂਹੰਨਾ 8:31-44)। ਸਗੋਂ ਕੁਝ ਯਹੂਦੀ ਹਾਕਮਾਂ ਨੇ ਵੀ ਯਿਸੂ ਦੀ "ਪਰਤੀਤ ਕੀਤੀ" ਪਰ ਉਨ੍ਹਾਂ ਨੇ ਇਸ ਡਰ ਦੇ ਮਾਰੇ ਪ੍ਰਭੂ ਵਿੱਚ ਉਨ੍ਹਾਂ ਦੀ ਨਿਹਚਾ ਦਾ ਇਕਰਾਰ ਨਹੀਂ ਕੀਤਾ ਕਿ ਕਿਤੇ ਉਨ੍ਹਾਂ ਨੂੰ ਸਮਾਜ ਵਿੱਚੋਂ ਬਾਹਰ ਨਾ ਕੱਢ ਦਿੱਤਾ ਜਾਵੇ। "ਓਹ ਪਰਮੇਸ਼ੁਰ ਦੀ ਵਡਿਆਈ ਨਾਲੋਂ ਮਨੁੱਖਾਂ ਦੀ ਵਡਿਆਈ ਦੇ ਬਹੁਤੇ ਭੁੱਖੇ ਸਨ" (ਯੂਹੰਨਾ 12:42, 43)।

ਅਬਰਾਹਾਮ ਦੀ ਨਿਹਚਾ ਯਿਸੂ ਦੇ ਚੇਲਿਆਂ ਦੀ ਨਿਹਚਾ ਦੇ ਵਾਂਗ ਸੀ। ਉਸ ਨੇ ਪਰਮੇਸ਼ੁਰ ਨਾਲ ਚੱਲਣਾ ਸ਼ੁਰੂ ਕੀਤਾ ਸੀ, ਪਰ ਕਈ ਵਾਰ ਉਸ ਦੀ ਨਿਹਚਾ ਛੋਟੀ ਹੋ ਜਾਂਦੀ ਸੀ ਅਤੇ ਇਸ ਨੂੰ ਵਧਣ ਦੀ ਲੋੜ ਹੁੰਦੀ ਸੀ। ਚੇਲਿਆਂ ਨੂੰ ਨਿਹਚਾ ਅਤੇ ਆਗਿਆਕਾਰੀ ਵਿੱਚ ਵਧਣ ਅਤੇ ਪਰਿਪੱਕ ਹੋਣ ਦੇ ਲਈ ਪੂਰਾ ਜ਼ੋਰ ਲਗਾਉਣਾ ਪਿਆ ਸੀ। ਉਹ ਯਿਸੂ ਦੇ ਪਿੱਛੇ ਚੱਲੇ ਅਤੇ ਯਿਸੂ ਦੇ ਲੋਕਾਂ ਵਿੱਚ ਸੇਵਕਾਈ ਕਰਨ ਦੇ ਦੌਰਾਨ ਲਗਭਗ ਸਾਢੇ ਤਿੰਨ ਸਾਲ ਤੱਕ ਉਸ ਦੇ ਨਾਲ-ਨਾਲ ਰਹੇ; ਫਿਰ ਵੀ ਉਨ੍ਹਾਂ ਤੇ ਡਰ ਹਾਵੀ ਹੋ ਗਿਆ ਜਦੋਂ ਗਥਸਮਨੀ ਬਾਗ ਵਿੱਚ ਯਿਸੂ ਨੂੰ ਗਿਰਫਤਾਰ ਕੀਤਾ ਗਿਆ, ਜਿਸ ਦੇ ਕਾਰਨ ਉਹ ਉਸ ਰਾਤ ਯਿਸੂ ਨੂੰ ਛੱਡ ਕੇ ਭੱਜ ਗਏ।

ਅਬਰਾਹਾਮ ਨੇ ਸਦੂਮ ਦੇ ਰਾਜਾ, ਮਲਕਿਸਿਦਕ ਅਤੇ ਅਮੋਰੀ ਭਰਾਵਾਂ ਦੇ ਸਾਹਮਣੇ ਯਾਹਵੇਹ ਨੂੰ ਆਪਣਾ ਅੱਤ ਉੱਚਾ ਪਰਮੇਸ਼ੁਰ ਮੰਨ ਨੇ ਲੋਕਾਂ ਦੇ ਸਨਮੁਖ ਆਪਣੀ ਨਿਹਚਾ ਦਾ ਇਕਰਾਰ ਕੀਤਾ (14:22-24)। ਅਬਰਾਹਾਮ ਦੇ ਜੀਵਨ ਵਿੱਚ ਇਸ ਸਮੇਂ ਤੱਕ, ਉਸ ਨੇ ਪਰਤੱਖ ਰੂਪ ਵਿੱਚ ਨਾ ਸਿਰਫ ਯਹੋਵਾਹ ਦੇ ਵਾਅਦੇ ਦੀ ਪਰਤੀਤ ਕੀਤੀ, ਪਰ ਉਸ ਨੇ ਨਿੱਜੀ ਤੌਰ ਤੇ ਵੀ ਯਹੋਵਾਹ ਦੀ ਪਰਤੀਤ ਕੀਤੀ ਸੀ ਅਤੇ ਉਸ ਨੇ ਪਹਿਲਾਂ ਦੇ ਮੁਕਾਬਲੇ ਹੁਣ ਯਹੋਵਾਹ ਦੇ ਪ੍ਰਤੀ ਡੂੰਘਾ ਸਮਰਪਣ ਕੀਤਾ ਸੀ। ਇਸ ਲਈ, ਮੂਲ ਲਿਖਤ ਕਹਿੰਦੀ ਹੈ, "ਉਸ [ਯਹੋਵਾਹ] ਨੇ ਉਹ ਦੇ ਲਈ ਏਸ ਗੱਲ [ਨਿਹਚਾ] ਨੂੰ ਧਰਮ ਗਿਣਿਆ" (15:6)। ਪੌਲੁਸ ਨੇ ਰੋਮੀਆਂ ਵਿੱਚ ਇਸ ਵਿਚਾਰ ਦੀ ਨਕਲ ਕੀਤੀ ਹੈ ਜਿੱਥੇ ਉਸ ਨੇ ਸਿਰਫ ਦੋ ਤਰੀਕਿਆਂ ਬਾਰੇ ਦੱਸਿਆ ਹੈ ਜਿਨ੍ਹਾਂ ਨਾਲ ਧਾਰਮਿਕਤਾ ਬਣੀ ਰਹਿ ਸਕਦੀ ਹੈ: ਜਾਂ ਤਾਂ (1) ਇੱਕ ਵਿਅਕਤੀ ਅਜਿਹਾ ਰੁਤਬਾ ਹਾਸਲ ਕਰਨ ਦੇ ਲਈ ਕਾਫੀ ਚੰਗੇ ਕਰਮ ਕਰਨ ਦੁਆਰਾ ਧਾਰਮਿਕਤਾ ਪ੍ਰਾਪਤ ਕਰਦਾ ਹੈ, ਜਾਂ (2) ਧਾਰਮਿਕਤਾ ਯਿਸੂ ਮਸੀਹ ਵਿੱਚ ਨਿਹਚਾ ਦੇ ਰਾਹੀਂ ਪਰਮੇਸ਼ੁਰ ਦੀ ਕਿਰਪਾ ਦੇ ਇੱਕ ਵਰਦਾਨ ਦੇ ਰੂਪ ਵਿੱਚ ਪ੍ਰਾਪਤ ਹੁੰਦੀ ਹੈ (ਰੋਮੀਆਂ 4:1-5)। ਜੇਕਰ ਪਰਮੇਸ਼ੁਰ ਦੀਆਂ ਨਜ਼ਰਾਂ ਵਿੱਚ "ਧਾਰਮਿਕਤਾ" ਦਾ ਰੁਤਬਾ ਪ੍ਰਾਪਤ ਕਰਨ ਜਾਂ ਕਮਾਉਣਾ ਚੰਗੇ ਕਰਮਾਂ ਦੇ ਰਾਹੀਂ ਸੰਭਵ ਹੁੰਦਾ, ਤਾਂ ਅਸੀਂ ਇਸ ਦੇ ਬਾਰੇ ਇਹ ਕਹਿੰਦੇ ਹੋਏ ਘਮੰਡ ਕਰਦਾ ਸੀ ਕਿ "ਵੇਖੋ ਮੈਂ ਕੀ ਕੀਤਾ ਹੈ!" ਫਿਰ ਵੀ, ਉਹ ਅਸੰਭਵ ਹੈ! ਅਸੀਂ ਬਸ ਇਹ ਕਹਿ ਸਕਦੇ ਹਾਂ "ਮੈਂ ਤੇ ਅਯੋਗ ਹਾਂ ਪਰ ਵੇਖੋ ਪਰਮੇਸ਼ੁਰ ਨੇ ਯਿਸੂ ਮੇਰੇ ਮੁਕਤੀਦਾਤਾ ਦੇ ਰਾਹੀਂ ਮੇਰੇ ਲਈ ਕੀ ਕੀਤਾ ਹੈ।" ਮੁਕਤੀ ਕਿਸੇ ਮਨੁੱਖੀ ਪ੍ਰਾਪਤੀ ਰਾਹੀਂ ਨਹੀਂ ਆਉਂਦੀ; ਇਹ ਯਿਸੂ ਦੇ ਰੱਬੀ ਪ੍ਰਾਸਚਿੱਤ ਦੁਆਰਾ ਦਿੱਤੀ ਗਈ ਹੈ, ਜਿਸ ਨੇ ਜਗਤ ਦੇ ਪਾਪਾਂ ਦੇ ਲਈ ਆਪਣੀ ਜਾਨ ਦਿੱਤੀ ਤਾਂ ਜੋ ਮਨੁੱਖਜਾਤੀ ਨੂੰ ਕਿਰਪਾ ਦੇ ਰਾਹੀਂ "ਧਰਮ ਦੀ ਬਖ਼ਸ਼ੀਸ਼" ਪ੍ਰਾਪਤ ਹੋ ਸਕਦੀ (ਰੋਮੀਆਂ 3:20-22; 5:17)। ਪ੍ਰਭੂ ਨਿਹਚਾ ਰਾਹੀਂ ਸਾਨੂੰ ਧਰਮੀ ਗਿਣਦਾ ਹੈ – ਜਿਵੇਂ ਉਸ ਨੇ ਅਬਰਾਹਾਮ ਨੂੰ ਧਰਮੀ ਗਿਣਿਆ ਸੀ। ਜਦੋਂ ਅਸੀਂ "ਮਸੀਹ

ਵਿੱਚ ਬਪਤਿਸਮਾ ਲੈਂਦੇ ਹਾਂ," ਅਸੀਂ ਅਬਰਾਹਾਮ ਨੂੰ ਕੀਤੇ ਗਏ ਰੱਬੀ "ਬਚਨ" ਦੇ ਅਨੁਸਾਰ ਪਰਮੇਸ਼ੁਰ ਦੀ ਅੰਸ ਅਤੇ "ਅਧਕਾਰੀ" ਬਣ ਜਾਂਦੇ ਹਾਂ (ਗਲਾਤੀਆਂ 3:26-29)।

*ਉਸ ਦੀ ਨਿਹਚਾ ਦੀ ਪੁਸ਼ਟੀ ਕੀਤੀ ਗਈ।* ਪਹਿਲੀ ਗੱਲ, ਪਰਮੇਸ਼ੁਰ ਨੇ ਅਬਰਾਹਾਮ ਨੂੰ ਖੁਸ਼ਖ਼ਬਰੀ ਸੁਣਾਉਣ ਦੁਆਰਾ ਅਤੇ ਇਸ ਪੁਰਖੇ ਨੂੰ ਇਹ ਚੇਤੇ ਕਰਾਉਣ ਦੁਆਰਾ ਕਿ ਉਹ ਕੌਣ ਹੈ ਅਤੇ ਉਸ ਨੇ ਉਹ ਦੇ ਲਈ ਕੀ ਕੀਤਾ ਹੈ ਉਸ ਦੀ ਨਿਹਚਾ ਨੂੰ ਵਧਾਉਣ ਵਿੱਚ ਮਦਦ ਕੀਤੀ। ਉਸ ਨੇ ਕਿਹਾ, "ਮੈਂ ਯਹੋਵਾਹ ਹਾਂ ਜੋ ਤੈਨੂੰ ਕਸਦੀਆਂ ਦੇ ਊਰ ਤੋਂ ਕੱਢ ਲੈ ਆਇਆ ਹਾਂ ਤਾਂ ਜੋ ਮੈਂ ਤੈਨੂੰ ਇਹ [ਕਨਾਨ ਦੀ] ਧਰਤੀ ਤੇਰੀ ਮਿਲਖ ਹੋਣ ਦੇ ਲਈ ਦਿਆਂ" (15:7)। ਪੌਲੁਸ ਰੋਮ ਅਤੇ ਕੁਰਿੰਥੁਸ ਵਿੱਚ ਇਸੇ ਕਾਰਣ ਖੁਸ਼ਖ਼ਬਰੀ ਦਾ ਪਰਚਾਰ ਕਰਨਾ ਚਾਹੁੰਦਾ ਸੀ: ਪਰਮੇਸ਼ੁਰ ਨੇ ਯਿਸੂ ਦੀ ਮੌਤ, ਦਫ਼ਨਾਉਣ ਅਤੇ ਜੀ ਉੱਠਣ ਦੇ ਰਾਹੀਂ ਉਨ੍ਹਾਂ ਦੇ ਲਈ ਜੋ ਕੀਤਾ ਸੀ ਉਸ ਨੂੰ ਚੇਤੇ ਕਰਾਉਣ ਦੁਆਰਾ ਮਸੀਹੀ ਲੋਕਾਂ ਦੀ ਨਿਹਚਾ ਨੂੰ ਮਜਬੂਤ ਅਤੇ ਪੱਕਾ ਕਰੇ (ਰੋਮੀਆਂ 1:15, 16; 1 ਕੁਰਿੰਥੀਆਂ 15:1-4)।

ਸਹੀ ਤਰੀਕੇ ਨਾਲ ਇਸਤੇਮਾਲ ਕੀਤੀ ਜਾਵੇ ਤਾਂ ਯਾਦਾਸ਼ਤ ਵਿਅਕਤੀਆਂ ਵਿੱਚ ਨਿਹਚਾ ਅਤੇ ਆਸ ਦੋਹਾਂ ਨੂੰ ਉਤੇਜਿਤ ਕਰਦੀ ਹੈ। ਸਮੱਸਿਆ ਇਹ ਹੈ ਕਿ ਅਸੀਂ ਉਨ੍ਹਾਂ ਚੀਜ਼ਾਂ ਨੂੰ ਭੁੱਲ ਜਾਂਦੇ ਹਾਂ ਜੋ ਸਾਨੂੰ ਯਾਦ ਰੱਖਣੀਆਂ ਚਾਹੀਦੀਆਂ ਹਨ ਅਤੇ ਉਨ੍ਹਾਂ ਚੀਜ਼ਾਂ ਨੂੰ ਯਾਦ ਰੱਖਦੇ ਹਾਂ ਜੋ ਸਾਨੂੰ ਭੁੱਲ ਜਾਣੀਆਂ ਚਾਹੀਦੀਆਂ ਹਨ। ਸਾਡੇ ਜਾਂ ਸਾਡੇ ਅਜੀਜ਼ਾਂ ਵਿਰੁੱਧ ਕੀਤੇ ਗਏ ਅਪਰਾਧ ਕਦੀ-ਕਦਾਈਂ ਭੁਲਾ ਦਿੱਤੇ ਜਾਂਦੇ ਹਨ, ਫਿਰ ਵੀ ਮਸੀਹੀ ਜੀਉਣ ਦੇ ਕੁਝ ਸਿਧਾਂਤ ਸਾਡੇ ਲਈ ਯਾਦ ਰੱਖਣੇ ਮੁਸ਼ਕਲ ਪ੍ਰਤੀਤ ਹੁੰਦੇ ਹਨ। ਅਪਰਾਧ ਜਾਂ ਕੜਵਾਹਟ ਮਸੀਹ ਵਿੱਚ ਸਾਡੇ ਅਨੰਦ ਨੂੰ ਲੁੱਟ ਸਕਦੀ ਹੈ ਅਤੇ ਦੂਜਿਆਂ ਦੇ ਪ੍ਰਤੀ ਸਾਡੀ ਗਵਾਹੀ ਨੂੰ ਨਾਸ ਕਰ ਸਕਦੀ ਹੈ।

ਪੌਲੁਸ ਉਸ ਦੇ ਮਨ ਪਰਿਵਰਤਨ ਹੋਣ ਤੋਂ ਪਹਿਲਾਂ ਮਸੀਹੀ ਲੋਕਾਂ ਨੂੰ ਸਤਾਉਣ ਦੇ ਅਪਰਾਧ ਜਾਂ ਉਸ ਦੁਰ-ਵਿਹਾਰ ਨੂੰ ਜੋ ਉਸ ਨੇ ਯਹੂਦੀਆਂ ਅਤੇ ਝੂਠੇ ਭਰਾਵਾਂ ਦੇ ਹੱਥੋਂ ਨਜਾਇਜ ਝੱਲਿਆ ਸੀ ਦਬਾ ਸਕਦਾ ਸੀ। ਫਿਰ ਵੀ, ਉਸ ਨੇ ਕਿਹਾ, "ਪਰ ਐਨਾ ਹੋ ਜੋ ਮੈਂ ਪਿਛਲੀਆਂ ਗੱਲਾਂ ਨੂੰ ਭੁਲਾ ਕੇ ਅਤੇ ਉਨ੍ਹਾਂ ਗੱਲਾਂ ਲਈ ਜਿਹੜੀਆਂ ਅੱਗੇ ਹਨ, ਅਗਾਹਾਂ ਵਧ ਕੇ ਨਿਸ਼ਾਨੇ ਵੱਲ ਦੱਬੀ ਜਾਂਦਾ ਹਾਂ ਭਈ ਉਸ ਉੱਪਰਲੇ ਸੱਦੇ ਦਾ ਇਨਾਮ ਲਵਾਂ ਜੋ ਪਰਮੇਸ਼ੁਰ ਦੀ ਵੱਲੋਂ ਮਸੀਹ ਯਿਸੂ ਵਿੱਚ ਹੈ" (ਫ਼ਿਲਿੱਪੀਆਂ 3:13, 14)। ਪੌਲੁਸ ਨੇ ਪ੍ਰਭੂ ਦੀ ਵਡਿਆਈ ਕਰਨ ਦੇ ਲਈ ਸਿਰਫ ਆਪਣੇ ਪਿਛਲੇ ਪਾਪਾਂ ਦਾ ਜ਼ਿਕਰ ਕੀਤਾ ਸੀ, ਜਿਸ ਨੇ ਉਸ ਨੂੰ ਦਯਾ ਅਤੇ ਮਾਫ਼ੀ ਵਿਖਾਈ ਸੀ ਅਤੇ ਉਸ ਦੇ ਜੀਵਨ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਅਤੇ ਉਸ ਨੂੰ ਦੂਜਿਆਂ ਨੂੰ ਖੁਸ਼ਖ਼ਬਰੀ ਦਾ ਪਰਚਾਰ ਕਰਨ ਦੇ ਲਈ ਘੱਲਿਆ। ਪੌਲੁਸ ਦਾ ਆਪਣੇ ਨਿੱਜੀ ਇਤਹਾਸ ਨੂੰ ਦੁਹਰਾਉਣਾ ਗੁਜਰੇ ਸਮੇਂ ਦੀ ਦੂਸ਼ਿਤ ਥਾਂ ਨਹੀਂ ਸੀ; ਬਲਕਿ, ਇਹ ਇਹ ਕਹਿਣ ਦਾ ਇੱਕ ਤਰੀਕਾ ਸੀ, "ਜੇਕਰ ਪਰਮੇਸ਼ੁਰ ਨੇ ਮੇਰੇ ਵਰਗੇ ਮਹਾਂ ਪਾਪੀ ਨੂੰ ਪਿਆਰ ਕੀਤਾ, ਮਾਫ਼ ਕੀਤਾ ਅਤੇ ਬਚਾਇਆ ਹੈ, ਤਾਂ ਸਭਨਾਂ ਦੇ ਲਈ ਆਸ ਹੈ, ਭਾਵੇਂ ਉਨ੍ਹਾਂ ਨੇ ਕਿੰਨੇ ਵੀ ਪਾਪ ਜਾਂ ਅਪਰਾਧ ਕੀਤੇ ਹੋਣ" (ਵੇਖੋ ਰਸੂਲਾਂ ਦੇ ਕਰਤੱਬ 9:1-22; 22:3-21; 26:2-23; 1 ਤਿਮੋਥਿਉਸ 1:12-17)।

ਦੂਜੀ ਗੱਲ, ਪਰਮੇਸ਼ੁਰ ਨੇ ਅਬਰਾਹਾਮ ਦੀ ਨਿਹਚਾ ਦੀ ਪੁਸ਼ਟੀ ਕੀਤੀ ਜਦੋਂ ਉਸ ਨੇ ਅਬਰਾਹਾਮ ਨਾਲ ਇਹ ਨੇਮ ਬੰਨ੍ਹਣ ਦੁਆਰਾ ਇਸ ਗੱਲ ਦੀ ਗਰੰਟੀ ਦਿੱਤੀ ਕਿ ਉਸ ਦੀ ਅੰਸ ਨੂੰ ਕਨਾਨ ਦੇਸ ਜ਼ਰੂਰ ਮਿਲੇਗਾ। ਪ੍ਰਾਚੀਨ ਸੰਸਾਰ ਵਿੱਚ, ਨੇਮ ਬਿਨਾਂ ਸੋਚੇ ਵਿਚਾਰੇ ਬੰਨ੍ਹੇ ਜਾਂ ਤੋੜੇ ਨਹੀਂ ਸੀ ਜਾਂਦੇ। ਨੇਮ ਤੋੜਨਾ ਬਹੁਤ ਹੀ ਗੰਭੀਰ ਗੱਲ ਹੁੰਦੀ ਸੀ ਅਤੇ ਨੇਮ ਤੋੜਨ ਵਾਲੇ ਨੂੰ ਅਕਸਰ ਮੌਤ ਦੀ ਸਜ਼ਾ ਦਿੱਤੀ ਜਾਂਦੀ ਸੀ (ਵੇਖੋ ਯਿਰਮਿਯਾਹ 34:12-22)। ਜ਼ਿਆਦਾਤਰ ਨੇਮਾਂ ਵਿੱਚ ਬਲੀਆਂ ਦੇ ਰੂਪ ਵਿੱਚ ਇੱਕ ਜਾਂ ਇੱਕ ਤੋਂ ਵੱਧ ਜਾਨਵਰਾਂ ਦਾ ਲਹੂ ਵਹਾਉਣਾ ਸ਼ਾਮਲ ਹੁੰਦਾ

ਸੀ ਅਤੇ ਇਸ ਦੇ ਨਾਲ-ਨਾਲ ਇਹ ਗਰੰਟੀ ਦੇਣ ਲਈ ਕਿ ਨੇਮ ਦਾ ਪਾਲਣ ਕੀਤਾ ਜਾਵੇਗਾ ਯਹੋਵਾਹ ਦੇ ਸਾਹਮਣੇ ਸੌਂਹ ਖਾਧੀ ਜਾਂਦੀ ਸੀ।

ਇਸ ਮੌਕੇ ਤੇ, ਹਾਲਾਂਕਿ ਅਬਰਾਹਾਮ ਨੂੰ ਨੇਮ ਦੀ ਪੁਸ਼ਟੀ ਕਰਨ ਦੇ ਲਈ ਕੁਝ ਜਾਨਵਰਾਂ ਨੂੰ ਮਾਰਨਾ ਪਿਆ ਸੀ, ਇਹ ਇਕੱਲਾ ਪਰਮੇਸ਼ੁਰ ਦੀ ਜਿਸ ਨੇ ਸੌਂਹ ਖਾਧੀ ਸੀ। ਇਸ ਦੀ ਸ਼ੁਰੂਆਤ ਭਵਿੱਖ ਸੰਬੰਧੀ ਇੱਕ ਕਥਨ ਨਾਲ ਹੋਈ ਸੀ: "ਤੂੰ ਸੱਚ ਜਾਣ ਭਈ ਤੇਰੀ ਅੰਸ ਇੱਕ ਦੇਸ ਵਿੱਚ ਜਿਹੜਾ ਉਨ੍ਹਾਂ ਦਾ ਨਹੀਂ ਹੈ ਪਰਦੇਸੀ ਹੋਊਗੀ ਅਤੇ ਉਨ੍ਹਾਂ ਦੀ ਗ਼ੁਲਾਮੀ ਕਰੇਗੀ ਅਰ ਓਹ ਉਨ੍ਹਾਂ ਨੂੰ ਚਾਰ ਸੌ ਵਰਿਹਾਂ ਤੀਕ ਦੁਖ ਦੇਣਗੇ" (15:13)। ਫਿਰ ਪਰਮੇਸ਼ੁਰ ਨੇ ਦੁਖ ਦੇਣ ਵਾਲਿਆਂ ਦਾ "ਨਿਆਉਂ ਕਰਨ" ਦਾ ਵਾਇਦਾ ਦਿੱਤਾ ਅਤੇ ਕਿਹਾ ਕਿ ਅਬਰਾਹਾਮ ਦੀ ਅੰਸ ". . . ਇਹਦੇ ਮਗਰੋਂ ਵੱਡੇ ਮਾਲ ਧਨ ਨਾਲ ਨਿੱਕਲ ਆਵੇਗੀ" (15:14)। ਆਖ਼ਰੀ ਭਰੋਸੇ ਦੇ ਤੌਰ ਤੇ, ਉਸ ਨੇ ਇਸ ਗੱਲ ਨੂੰ ਫੇਰ ਦੁਹਰਾਇਆ, "ਤੇਰੀ ਅੰਸ ਨੂੰ ਮੈਂ ਇਹ ਧਰਤੀ ਦੇ ਦਿੱਤੀ ਹੈ ਅਰਥਾਤ ਮਿਸਰ ਦੇ ਦਰਿਆ ਤੋਂ ਲੈਕੇ ਵੱਡੇ ਦਰਿਆ ਫਰਾਤ ਤੀਕ" (15:18)।

ਨੇਮ ਜਿਹੜਾ ਪਰਮੇਸ਼ੁਰ ਨੇ ਮੂਸਾ ਦੇ ਰਾਹੀਂ ਸੀਨਈ ਪਰਬਤ ਤੇ ਇਸਰਾਏਲ ਨਾਲ ਕੀਤਾ ਸੀ ਉਸ ਦੀਆਂ ਬਹੁਤ ਸਾਰੀਆਂ ਵਿਸ਼ੇਸ਼ਤਾਵਾਂ ਇਸੇ ਤਰ੍ਹਾਂ ਦੀਆਂ ਸਨ। ਜਿਵੇਂ ਕਿ ਅਬਰਾਹਾਮ ਦਾ ਨੇਮ ਸੀ, ਇਹ ਇਸ ਖੁਸ਼ਖ਼ਬਰੀ ਨਾਲ ਸ਼ੁਰੂ ਹੋਇਆ ਸੀ ਕਿ ਪਰਮੇਸ਼ੁਰ ਕੌਣ ਹੈ ਅਤੇ ਉਸ ਨੇ ਬਰਕਤ ਦੇਣ ਅਤੇ ਇਸਰਾਏਲੀਆਂ ਨੂੰ ਛੁਡਾਉਣ ਦੇ ਲਈ ਕੀ ਕੀਤਾ ਸੀ: "ਮੈਂ [ਯਹੋਵਾਹ] ਤੇਰਾ ਪਰਮੇਸ਼ੁਰ ਹਾਂ ਜਿਹੜਾ ਤੈਨੂੰ ਮਿਸਰ ਦੇਸ ਦੀ ਗੁਲਾਮੀ ਦੇ ਘਰ ਤੋਂ ਕੱਢ ਲਿਆਇਆ ਹਾਂ" (ਕੂਚ 20:2)। ਫਿਰ ਇਹ ਦਸ ਹੁਕਮਾਂ ਅਤੇ ਹੋਰ ਬਿਧੀਆਂ ਨਾਲ ਜਾਰੀ ਰਿਹਾ (ਕੂਚ 20:3–23:33), ਜੋ ਕਿ "ਜਾਜਕਾਂ ਦੀ ਬਾਦਸ਼ਾਹੀ ਅਤੇ ਪਵਿੱਤ੍ਰ ਕੌਮ" ਬਣਨ ਦੇ ਲਈ ਦਿਸ਼ਾ ਨਿਰਦੇਸ਼ਾਂ ਦੇ ਰੂਪ ਵਿੱਚ ਦਿੱਤੀਆਂ ਗਈਆਂ ਸਨ (19:6)। ਅਗਲੀ ਗੱਲ, ਮੂਸਾ ਨੇ "ਯਹੋਵਾਹ ਦੀਆਂ ਸਾਰੀਆਂ ਗੱਲਾਂ ਅਤੇ ਸਾਰੇ ਨਿਆਉਂ ਲੋਕਾਂ ਨੂੰ ਦੱਸੇ ਤਾਂ ਸਾਰੇ ਲੋਕਾਂ ਨੇ ਇੱਕ ਅਵਾਜ਼ ਨਾਲ ਬੋਲ ਕੇ ਉੱਤ੍ਰ ਦਿੱਤਾ, ਸਾਰੀਆਂ ਗੱਲਾਂ ਜਿਹੜੀਆਂ ਯਹੋਵਾਹ ਬੋਲਿਆ ਹੈ ਅਸੀਂ ਕਰਾਂਗੇ!" (ਕੂਚ 24:3)। ਫਿਰ ਜਾਨਵਰਾਂ ਨੂੰ ਹੋਮ ਦੀਆਂ ਭੇਟਾਂ ਅਤੇ ਸੁੱਖ ਸਾਂਦ ਦੀਆਂ ਭੇਟਾਂ ਦੇ ਰੂਪ ਵਿੱਚ ਬਲੀ ਚੜ੍ਹਾਇਆ ਗਿਆ ਅਤੇ ਮੂਸਾ ਨੇ ਉਨ੍ਹਾਂ ਬਲੀਆਂ ਦਾ ਲਹੂ ਲਿਆ ਅਤੇ ਜਗਵੇਦੀ ਉੱਤੇ ਛਿੜਕਿਆ। ਉਸ ਨੇ ਥੋੜ੍ਹਾ ਹੋਰ ਲਹੂ ਲਿਆ ਅਤੇ ਇਸ ਨੂੰ ਲੋਕਾਂ ਉੱਤੇ ਛਿੜਕਿਆ ਅਤੇ ਪਰਮੇਸ਼ੁਰ ਅਤੇ ਲੋਕਾਂ ਦੋਵਾਂ ਨੂੰ ਨੇਮ ਦੇ ਇੱਕ ਦ੍ਰਿੜ੍ਹ ਰਿਸ਼ਤੇ ਵਿੱਚ ਬੰਨ੍ਹਿਆ। ਇਹ ਪੂਰਾ ਕਰਨ ਤੋਂ ਬਾਅਦ, ਉਸ ਨੇ ਕਿਹਾ, "ਵੇਖੋ ਏਹ ਲਹੂ ਉਸ ਨੇਮ ਦਾ ਹੈ ਜਿਹੜਾ ਯਹੋਵਾਹ ਨੇ ਇਨ੍ਹਾਂ ਸਾਰੀਆਂ ਗੱਲਾਂ ਵਿੱਚ ਤੁਹਾਡੇ ਨਾਲ ਬੰਨ੍ਹਿਆ ਹੈ" (ਕੂਚ 24:8)।

ਬਾਅਦ ਵਿੱਚ ਬਾਈਬਲ ਦੇ ਲੇਖਕਾਂ ਨੇ ਯਿਸੂ ਦਾ ਪਰਮੇਸ਼ੁਰ ਦੇ ਲੇਲੇ ਵਜੋਂ ਵਰਣਨ ਕਰਨ ਦੇ ਲਈ ਨੇਮ ਦੀ ਇਸ ਭਾਸ਼ਾ ਦੀ ਨਕਲ ਕੀਤੀ, ਜਿਸ ਦਾ ਲਹੂ ਜਗਤ ਦੇ ਪਾਪਾਂ ਦੇ ਲਈ ਪ੍ਰਾਸਚਿੱਤ ਦੀ ਬਲੀ ਦੇ ਰੂਪ ਵਿੱਚ ਵਹਾਇਆ ਗਿਆ ਸੀ (ਯਸਾਯਾਹ 53:10, 12; ਯੂਹੰਨਾ 1:29, 36; ਰੋਮੀਆਂ 3:25; 1 ਯੂਹੰਨਾ 1:7; 2:2)। ਪਸਾਹ ਦੇ ਭੋਜਨ ਤੇ ਯਿਸੂ ਨੇ ਜਦੋਂ ਪ੍ਰਭੂ ਭੋਜ ਦੀ ਸ਼ੁਰੂਆਤ ਕੀਤੀ ਤਾਂ ਰੋਟੀ ਦੇ ਸੰਬੰਧ ਵਿੱਚ ਉਸ ਨੇ ਕਿਹਾ, "ਇਹ ਮੇਰਾ ਸਰੀਰ ਹੈ।" ਪਿਆਲੇ ਦੇ ਸੰਬੰਧ ਵਿੱਚ, ਉਸ ਨੇ ਆਪਣੇ ਚੇਲਿਆਂ ਨੂੰ ਕਿਹਾ, "ਨੇਮ ਦਾ ਇਹ ਮੇਰਾ ਉਹ ਲਹੂ ਹੈ ਜਿਹੜਾ ਬਹੁਤਿਆਂ ਦੀ ਖ਼ਾਤਰ ਪਾਪਾਂ ਦੀ ਮਾਫ਼ੀ ਲਈ ਵਹਾਇਆ ਗਿਆ ਹੈ" (ਮੱਤੀ 26:26, 28)। ਜਿਵੇਂ ਅਬਰਾਹਾਮ ਅਤੇ ਮੂਸਾ ਦੀਆਂ ਲਹੂ ਵਾਲੀਆਂ ਬਲੀਆਂ ਨੇ ਪਰਮੇਸ਼ੁਰ ਅਤੇ ਉਸ ਦੇ ਲੋਕਾਂ ਵਿਚਕਾਰ ਰਿਸ਼ਤੇ ਦੀ ਪੁਸ਼ਟੀ ਕੀਤੀ ਸੀ, ਉਸੇ ਤਰ੍ਹਾਂ ਯਿਸੂ ਦਾ ਲਹੂ ਸਾਡੇ ਪਰਮੇਸ਼ੁਰ ਦੀ ਸੰਤਾਨ ਹੋਣ ਦੇ ਨਾਤੇ ਸਾਡੇ ਰਿਸ਼ਤੇ ਦੀ ਗਰੰਟੀ ਦਿੰਦਾ ਹੈ। ਜਿਵੇਂ ਜਾਨਵਰਾਂ ਦੀਆਂ ਬਲੀਆਂ ਨੇ

ਕਨਾਨ ਦੇਸ ਦੀ ਵਾਇਦਾ ਕੀਤੀ ਹੋਈ ਬਰਕਤ ਨੂੰ ਪੱਕਾ ਕੀਤਾ ਸੀ, ਇੱਕੋ ਵਾਰ ਸਭਨਾਂ ਦੇ ਲਈ ਦਿੱਤੀ ਗਈ ਸੰਪੂਰਣ ਕੁਰਬਾਨੀ – ਯਿਸੂ – ਸਾਨੂੰ "ਉੱਤਮ ਅਰਥਾਤ ਸੁਰਗੀ ਦੇਸ" ਦੀ ਬਰਕਤ ਦਿੰਦੀ ਹੈ (ਇਬਰਾਨੀਆਂ 11:16; ਵੇਖੋ 12:22)।

*ਸਿੱਟਾ।* ਉਹ ਪ੍ਰਾਪਤ ਕਰਨ ਦੇ ਲਈ ਜਿਸ ਦਾ ਵਾਇਦਾ ਦਿੱਤਾ ਗਿਆ ਹੈ, ਸਾਨੂੰ ਪ੍ਰਭੂ ਦੇ ਪ੍ਰਤੀ ਆਪਣੇ ਸਮਰਪਣ ਵਿੱਚ ਵਫ਼ਾਦਾਰ ਰਹਿਣਾ ਚਾਹੀਦਾ ਹੈ ਅਤੇ "ਜੀਉਂਦੇ ਪਰਮੇਸ਼ੁਰ ਤੋਂ ਬੇਮੁਖ ਹੋਣ ਕਰਕੇ ਕਿਤੇ ਤੁਹਾਡੇ ਵਿੱਚੋਂ ਕਿਸੇ ਦਾ ਬੇਪਰਤੀਤਾ ਬੁਰਾ ਦਿਲ ਨਾ ਹੋਵੇ" (ਇਬਰਾਨੀਆਂ 3:12)। ਪਹਿਲੀ ਪੀੜ੍ਹੀ ਦੇ ਜ਼ਿਆਦਾਤਰ ਇਸਰਾਏਲੀ ਲੋਕਾਂ ਨਾਲ ਇਹੀ ਹੋਇਆ ਸੀ। ਉਨ੍ਹਾਂ ਨੇ ਆਪਣੇ ਨੇਮ ਦੇ ਸਮਰਪਣ ਦਾ ਇਨਕਾਰ ਕੀਤਾ, ਪਰਮੇਸ਼ੁਰ ਨੂੰ ਠੁਕਰਾਇਆ ਅਤੇ ਉਜਾੜ ਵਿੱਚ ਮਰ ਗਏ। ਇਸ ਲਈ, ਉਨ੍ਹਾਂ ਨੇ ਵਾਅਦੇ ਦੇ ਦੇਸ ਵਿੱਚ ਉਸ ਦੇ "ਅਰਾਮ" ਦਾ ਅਨੰਦ ਕਦੇ ਨਹੀਂ ਮਾਣਿਆ (ਇਬਰਾਨੀਆਂ 4:3)। ਪਹਿਲੀ ਸਦੀ ਵਿੱਚ, ਕੁਝ ਯਹੂਦੀ ਮਸੀਹੀ ਲੋਕ ਨਵੇਂ ਨੇਮ ਅਧੀਨ ਪਾਪਾਂ ਦੀ ਇਕਮਾਤਰ ਕੁਰਬਾਨੀ ਦੇ ਰੂਪ ਵਿੱਚ ਮਸੀਹ ਵੱਲੋਂ ਮੁੜਨ ਦੇ ਖ਼ਤਰੇ ਵਿੱਚ ਸਨ (ਇਬਰਾਨੀਆਂ 10:26)। ਉਨ੍ਹਾਂ ਨੂੰ ਚਿਤਾਵਨੀ ਦਿੱਤੀ ਗਈ ਸੀ ਕਿ ਉਨ੍ਹਾਂ ਦੇ ਰਵੱਈਏ ਅਤੇ ਕੰਮ ਗੰਭੀਰ ਗਲਤੀਆਂ ਸਨ, ਉਹ "ਪਰਮੇਸ਼ੁਰ ਦੇ ਪੁੱਤ੍ਰ ਨੂੰ ਪੈਰਾਂ ਹੇਠ" ਲਤਾੜਨ ਅਤੇ "ਲਹੂ ਜਿਹ ਦੇ ਨਾਲ ਉਹ ਪਵਿੱਤਰ ਕੀਤਾ ਗਿਆ ਸੀ ਐਵੇਂ ਕਿਵੇਂ ਜਾਣਨ" ਸਗੋਂ "ਕਿਰਪਾ ਦੇ ਆਤਮਾ ਦਾ ਅਪਜਸ ਕਰਨ" ਦੇ ਦੋਸ਼ੀ ਪਾਏ ਜਾ ਸਕਦੇ ਸਨ (ਇਬਰਾਨੀਆਂ 10:29)। ਇਬਰਾਨੀਆਂ ਦੇ ਲੇਖਕ ਨੇ ਉਨ੍ਹਾਂ ਨੂੰ ਪ੍ਰਭੂ ਦੇ ਵੱਲ ਮੁੜਨ ਦੀ ਨਸੀਹਤ ਦਿੱਤੀ ਸੀ, ਨਹੀਂ ਤਾਂ ਮੌਤ ਨਾਲੋਂ ਵੀ "ਕਰੜੀ ਸਜ਼ਾ" ਉਨ੍ਹਾਂ ਦੀ ਉਡੀਕ ਕਰ ਰਹੀ ਸੀ (ਇਬਰਾਨੀਆਂ 10:29)।

ਇਹ ਚਿਤਾਵਨੀ ਪਰਮੇਸ਼ੁਰ ਦੇ ਹਰ ਯੁੱਗ ਦੇ ਲੋਕਾਂ ਦੇ ਲਈ ਹੈ: ਸਾਨੂੰ ਮਸੀਹ ਦੀ ਕੁਰਬਾਨੀ ਦੀ ਲੋੜ ਨੂੰ ਸ਼ਬਦਾਂ ਜਾਂ ਕੰਮਾਂ ਦੇ ਰਾਹੀਂ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ ਜਾਂ ਤੁੱਛ ਨਹੀਂ ਜਾਣਨਾ ਚਾਹੀਦਾ, ਜਿਵੇਂ ਕਿ ਸਾਡੀ ਮੁਕਤੀ ਅਤੇ ਸਦੀਪਕ ਮੰਜਿਲ ਇਸ ਤੋਂ ਬਿਨਾਂ ਸੁਰੱਖਿਅਤ ਨਹੀਂ ਹੋ ਸਕਦੀ। ਪਤਰਸ ਨੇ ਐਲਾਨ ਕੀਤਾ ਕਿ "ਅਰ ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ" (ਰਸੂਲਾਂ ਦੇ ਕਰਤੱਬ 4:12)।

## ਪਰਮੇਸ਼ੁਰ ਦੇ ਵਾਇਦਿਆਂ ਦਾ ਸ਼ਰਤ ਵਾਲਾ ਸੁਭਾਅ (15:7-21)

ਅੱਜ ਕੁਝ ਲੋਕਾਂ ਦੁਆਰਾ ਇਸ ਪ੍ਰਸਿੱਧ ਵਿਚਾਰ ਦਾ ਸਮਰਥਨ ਕੀਤਾ ਜਾਂਦਾ ਹੈ ਕਿ ਇਸਰਾਏਲ ਦਾ ਦੇਸ (ਪ੍ਰਾਚੀਨ ਕਨਾਨ) ਇਕੱਲੇ ਯਹੂਦੀ ਲੋਕਾਂ ਦਾ ਹੈ ਕਿਉਂਕਿ ਪਰਮੇਸ਼ੁਰ ਨੇ ਇਹ ਉਨ੍ਹਾਂ ਨੂੰ ਬਿਨਾਂ ਸ਼ਰਤ ਅਤੇ ਅਟੱਲ ਦਾਤ ਦੇ ਰੂਪ ਵਿੱਚ ਦਿੱਤਾ ਸੀ।[21] ਹਾਲਾਂਕਿ ਇਸ ਵਿਚਾਰ ਦੀ ਵਿਆਖਿਆ ਕਰਨ ਵਾਲੇ ਇਹ ਮੰਨਦੇ ਹਨ ਕਿ ਪੁਰਾਣੇ ਨੇਮ ਦੀਆਂ ਬਹੁਤ ਸਾਰੀਆਂ ਨਬੂਵਤਾਂ ਸੁਭਾਅ ਵਿੱਚ ਸ਼ਰਤ ਵਾਲੀਆਂ ਸਨ, ਕੁਝ ਦਾਅਵੇ ਨਾਲ ਕਹਿੰਦੇ ਹਨ ਕਿ ਜੋ ਨਬੂਵਤਾਂ ਦੇਸ ਦੇ ਸੰਬੰਧ ਵਿੱਚ ਹਨ ਸ਼ਰਤ ਵਾਲੀਆਂ ਨਹੀਂ ਸਨ ਕਿਉਂਕਿ ਪਰਮੇਸ਼ੁਰ ਨੇ ਅਬਰਾਹਾਮ ਅਤੇ ਉਸ ਦੀ ਅੰਸ ਨੂੰ ਸਦਾ ਦੇ ਲਈ ਕਨਾਨ ਦੇਸ ਦੇਣ ਦੀ ਸੌਂਹ ਖਾਧੀ ਸੀ। ਫਿਰ ਵੀ, ਪਰਮੇਸ਼ੁਰ ਬਾਰੇ ਅਤੇ ਉਸ ਦੇ ਗੁਣਾਂ ਬਾਰੇ ਗੱਲ ਕਰਨ ਤੋਂ ਸਿਵਾਏ, ਸ਼ਬਦ "ਸਦਾ ਦੇ ਲਈ" (עוֹלָם, *ਓਲਮ*) ਉਨ੍ਹਾਂ ਸਿਧਾਂਤਾਂ ਅਤੇ ਰਸਮਾਂ ਦਾ ਹਵਾਲਾ ਦਿੰਦਾ ਹੈ ਜੋ ਅਸਥਾਈ ਹਨ ਅਤੇ "ਇੱਕ ਯੁੱਗ" ਤੱਕ ਜਾਂ "ਸਦੀਪਕਾਲ" ਦੀ ਬਜਾਇ "ਅਨਿਸ਼ਚਿਤ ਸਮੇਂ" (ਲੰਬਾ ਜਾਂ ਥੋੜ੍ਹਾ) ਦੇ ਲਈ ਕਾਇਮ ਰਹਿੰਦੀਆਂ ਹਨ। ਇਸ ਤੋਂ ਇਲਾਵਾ, ਸਾਨੂੰ ਇਹ ਗੱਲ ਤੋਂ ਜਾਣੂ ਹੋਣਾ ਚਾਹੀਦਾ ਹੈ ਕਿ ਨਬੂਵਤਾਂ ਅਤੇ ਵਾਅਦੇ, ਭਾਵੇਂ ਉਹ ਰੱਬੀ ਸੌਂਹ ਨਾਲ ਆਉਂਦੇ ਹਨ, ਸ਼ਰਤ ਵਾਲੇ ਹੋ ਸਕਦੇ ਹਨ।

1. *ਵਾਅਦੇ ਦੀ ਧਰਤੀ ਦਾ ਸ਼ਰਤੀਆ ਸੁਭਾਅ।* ਉਜਾੜ ਵਿੱਚ ਇਸਰਾਏਲੀਆਂ ਨੂੰ ਦਿੱਤੇ ਮੂਸਾ ਦੇ ਉਪਦੇਸ਼ਾਂ ਵਿੱਚੋਂ ਇੱਕ ਉਪਦੇਸ਼ ਵਿੱਚ, ਜਦੋਂ ਉਹ ਹਾਲੇ ਵਾਅਦੇ ਦੀ ਧਰਤੀ ਵਿੱਚ ਦਾਖ਼ਲ ਹੀ ਹੋਏ ਸਨ, ਮੂਸਾ ਨੇ ਸਪੱਸ਼ਟ ਤੌਰ ਤੇ ਲੋਕਾਂ ਨੂੰ ਚਿਤਾਵਨੀ ਦਿੱਤੀ ਸੀ,

> ਅਤੇ ਐਉਂ ਹੋਵੇਗਾ ਕਿ ਜਦ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਨੂੰ ਉਸ ਧਰਤੀ ਵਿੱਚ *ਜਿਹ ਦੇ ਤੁਹਾਨੂੰ ਦੇਣ ਦੀ ਸੌਂਹ* [*ਸ਼ਾਬਾ*, *ਸ਼ਾਬਾ*] *ਤੁਹਾਡੇ ਪਿਉ ਦਾਦਿਆਂ ਨਾਲ* ਅਰਥਾਤ ਅਬਰਾਹਾਮ, ਇਸਹਾਕ ਅਤੇ ਯਾਕੂਬ ਨਾਲ ਖਾਧੀ ਸੀ ਲਿਆਵੇਗਾ . . . ਤਾਂ ਤੁਸੀਂ ਚੌਕਸ ਰਹਿਓ, ਮਤੇ ਤੁਸੀਂ ਯਹੋਵਾਹ ਨੂੰ ਵਿੱਸਰ ਜਾਓ . . . ਤੁਸੀਂ ਦੂਜੇ ਦੇਵਤਿਆਂ ਦੇ ਪਿੱਛੇ ਨਾ ਜਾਇਓ ਅਰਥਾਤ ਉਨ੍ਹਾਂ ਲੋਕਾਂ ਦੇ ਦੇਵਤਿਆਂ ਦੇ ਪਿੱਛੇ ਜਿਹੜੇ ਤੁਹਾਡੇ ਆਲੇ ਦੁਆਲੇ ਹਨ। ਕਿਉਂ ਜੋ ਯਹੋਵਾਹ ਤੁਹਾਡਾ ਪਰਮੇਸ਼ੁਰ ਜਿਹੜਾ ਤੁਹਾਡੇ ਵਿੱਚ ਹੈ ਇੱਕ ਅਣਖ ਵਾਲਾ ਪਰਮੇਸ਼ੁਰ *ਹੈ ਅਜੇਹਾ ਨਾ ਹੋਵੇ ਕਿ ਯਹੋਵਾਹ ਤੁਹਾਡੇ ਪਰਮੇਸ਼ੁਰ ਦਾ ਕ੍ਰੋਧ ਤੁਹਾਡੇ ਉੱਤੇ ਭੜਕੇ ਅਤੇ ਉਹ ਤੁਹਾਨੂੰ ਜ਼ਮੀਨ ਉੱਤੋਂ ਮਿਟਾ ਦੇਵੇ* (ਬਿਵਸਥਾ ਸਾਰ 6:10-15; ਜ਼ੋਰ ਦਿੱਤਾ ਗਿਆ ਹੈ)।

ਮੂਸਾ ਦੇ ਅਨੁਸਾਰ, ਜੇਕਰ ਇਸਰਾਏਲ ਯਹੋਵਾਹ ਦੇ ਪ੍ਰਤੀ ਬੇਵਫ਼ਾ ਹੁੰਦਾ, ਤਾਂ ਇਸ ਨੇ ਨਾ ਸਿਰਫ ਧਰਤੀ ਨੂੰ ਗੁਆਉਣਾ ਸੀ, ਪਰ ਸਗੋਂ ਇਸ ਦੇ ਆਪਣੇ ਵਜੂਦ ਨੂੰ ਵੀ। ਹਾਲਾਂਕਿ ਪਰਮੇਸ਼ੁਰ ਨੇ ਵਾਅਦੇ ਦੀ ਧਰਤੀ ਤੇ ਇਸਰਾਏਲ ਦੇ ਬਚਣ ਬਾਰੇ ਸੌਂਹ ਖਾਧੀ ਸੀ, ਇਸ ਦਾ ਪੂਰਾ ਹੋਣਾ ਇੱਕ ਸ਼ਰਤ ਨਾਲ ਜੁੜਿਆ ਹੋਇਆ ਸੀ।

ਨੇਮ ਦੀਆਂ ਬਰਕਤਾਂ ਅਤੇ ਸਰਾਪਾਂ ਵਿੱਚ (ਬਿਵਸਥਾ ਸਾਰ 28:1-21), ਮੂਸਾ ਨੇ ਨੇਮ ਦੇ ਸ਼ਰਤ ਵਾਲੇ ਸੁਭਾਅ "ਜੇ . . . ਤਾਂ" ਤੇ ਜ਼ੋਰ ਦਿੱਤਾ ਜੋ ਪਰਮੇਸ਼ੁਰ ਨੇ ਇਸਰਾਏਲ ਨਾਲ ਬੰਨ੍ਹਿਆ ਸੀ:

> ਤਾਂ ਐਉਂ ਹੋਵੇਗਾ ਕਿ ਜੇ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੀ ਅਵਾਜ਼ ਮਨ ਲਾ ਕੇ ਸੁਣੋ . . . ਤਾਂ ਯਹੋਵਾਹ ਤੁਹਾਡਾ ਪਰਮੇਸ਼ੁਰ ਤੁਹਾਨੂੰ ਧਰਤੀ ਦੀਆਂ ਸਾਰੀਆਂ ਕੌਮਾਂ ਉੱਤੇ ਉੱਚਾ ਕਰੇਗਾ। . . . ਤਾਂ *ਜਿਵੇਂ ਉਸ ਨੇ ਤੁਹਾਡੇ ਨਾਲ ਸੌਂਹ* [*ਸ਼ਾਬਾ*] *ਖਾਧੀ* ਯਹੋਵਾਹ ਤੁਹਾਨੂੰ ਆਪਣੇ ਲਈ ਇੱਕ ਪਵਿੱਤ੍ਰ ਪਰਜਾ ਕਰਕੇ ਕਾਇਮ ਕਰੇਗਾ *ਜੇ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੇ ਹੁਕਮਾਂ ਦੀ ਪਾਲਨਾ ਕਰੋ ਅਤੇ ਉਸ ਦੇ ਮਾਰਗਾਂ ਉੱਤੇ ਚੱਲੋ।* . . . ਯਹੋਵਾਹ ਤੁਹਾਡੇ ਪਦਾਰਥਾਂ ਨੂੰ ਵਧਾਵੇਗਾ . . . ਉਸ ਭੂਮੀ ਉੱਤੇ ਜਿਹ ਦੇ ਤੁਹਾਨੂੰ ਦੇਣ ਦੀ ਸੌਂਹ [*ਸ਼ਾਬਾ*] ਯਹੋਵਾਹ ਨੇ ਤੁਹਾਡੇ ਪਿਉ ਦਾਦਿਆਂ ਨਾਲ ਖਾਧੀ ਸੀ। . . . ਪਰ ਐਉਂ ਹੋਵੇਗਾ ਕਿ ਜੇ ਤੁਸੀਂ ਯਹੋਵਾਹ ਆਪਣੇ ਪਰਮੇਸ਼ੁਰ ਦੀ ਅਵਾਜ਼ ਨਾ ਸੁਣੋ . . . ਤਾਂ ਏਹ ਸਾਰੇ ਸਰਾਪ ਤੁਹਾਡੇ ਉੱਤੇ ਆਉਣਗੇ ਅਤੇ ਤੁਹਾਨੂੰ ਜਾ ਫੜਨਗੇ। . . . ਯਹੋਵਾਹ ਤੁਹਾਡੇ ਉੱਤੇ ਬਵਾ ਪਾਵੇਗਾ ਜਦ ਤੀਕ ਉਹ ਤੁਹਾਨੂੰ ਉਹ ਜ਼ਮੀਨ ਉੱਤੇ ਮਿਟਾ ਨਾ ਦੇਵੇ ਜਿੱਥੇ ਤੁਸੀਂ ਕਬਜ਼ਾ ਕਰਨ ਲਈ ਜਾਂਦੇ ਹੋ (ਬਿਵਸਥਾ ਸਾਰ 28:1-21; ਜ਼ੋਰ ਦਿੱਤਾ ਗਿਆ ਹੈ)।

ਹਾਲਾਂਕਿ ਪਰਮੇਸ਼ੁਰ ਨੇ ਇਸਰਾਏਲ ਨੂੰ ਕਨਾਨ ਦੇਸ ਦੇਣ ਦੀ ਸੌਂਹ ਖਾਧੀ ਸੀ, ਇਹ ਸਪੱਸ਼ਟ ਹੈ ਕਿ ਇਹ ਵਾਇਦਾ ਇੱਕ ਸ਼ਰਤ ਤੇ ਨਿਰਭਰ ਕਰਦਾ ਸੀ, ਜੋ ਕਿ ਪਰਮੇਸ਼ੁਰ ਦੇ ਪ੍ਰਤੀ ਲੋਕਾਂ ਦੀ ਆਗਿਆਕਾਰੀ ਤੇ ਅਧਾਰਿਤ ਸੀ। ਦਰਅਸਲ, ਬਾਈਬਲ ਦੇ ਲੇਖਕਾਂ ਨੇ ਇਸ ਸੌਂਹ ਦਾ ਦੋ-ਧਾਰੀ ਤਲਵਾਰ ਵਜੋਂ ਵਰਣਨ ਕੀਤਾ ਹੈ: ਇਸਰਾਏਲੀ ਲੋਕ ਬਰਕਤਾਂ ਪ੍ਰਾਪਤ ਕਰਨਗੇ ਜੇਕਰ ਉਹ ਪਰਮੇਸ਼ੁਰ ਦੀ ਆਗਿਆ ਦਾ ਪਾਲਣ ਕਰਨਗੇ ਅਤੇ ਜੇਕਰ ਉਹ ਆਗਿਆ ਦਾ ਪਾਲਣ ਨਹੀਂ ਕਰਨਗੇ ਤਾਂ ਉਨ੍ਹਾਂ ਨੂੰ ਸਰਾਪ ਮਿਲਣਗੇ। ਦਾਨੀਏਲ ਨੇ ਜਿਹੜਾ ਕਿ 605 ਈ.ਪੂ. ਵਿੱਚ ਪਹਿਲੇ

ਅਸੀਰਾਂ ਵਿੱਚੋਂ ਸੀ, ਇਸਰਾਏਲ ਦੇ ਧਰਤੀ ਨੂੰ ਗੁਆਉਣ ਅਤੇ ਬਾਬਲ ਦੀ ਗੁਲਾਮੀ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਸੀ।

> ਹਾਂ, ਸਾਰਾ ਇਸਰਾਏਲ ਤੇਰੀ ਬਿਵਸਥਾ ਤੋਂ ਫਿਰ ਗਿਆ ਅਤੇ ਮੁੜ ਗਿਆ ਹੈ ਜੋ ਤੇਰੇ ਬੋਲ ਨਾ ਮੰਨੇ ਸੋ ਇਸ ਕਰਕੇ *ਉਹ ਫਿਟਕਾਰ ਸਾਡੇ ਉੱਤੇ ਆਣ ਪਈ ਅਤੇ ਉਹ ਸੌਂਹ* [הַשְּׁבֻעָה, *ਸ਼ੇਬੁਆਹ*] *ਵੀ ਜੋ ਪਰਮੇਸ਼ੁਰ ਦੇ ਸੇਵਕ ਮੂਸਾ ਦੀ ਬਿਵਸਥਾ ਵਿੱਚ ਲਿਖੀ ਹੈ* . . . ਅਤੇ ਉਹ ਨੇ ਆਪਣੀਆਂ ਓਹ ਗੱਲਾਂ ਜੋ ਉਹ ਨੇ ਅਸਾਂ ਲੋਕਾਂ ਦੇ ਨਾਲ ਅਤੇ ਸਾਡਿਆਂ ਨਿਆਈਆਂ ਦੇ ਨਾਲ ਜਿਹੜੇ ਸਾਡਾ ਨਿਆਉਂ ਕਰਦੇ ਸਨ ਆਖੀਆਂ ਸਨ ਸੋ ਪੂਰੀਆਂ ਕੀਤੀਆਂ ਜੋ ਉਹ ਨੇ ਸਾਡੇ ਉੱਤੇ ਵੱਡੀ ਬਿਪਤਾ ਪਾਈ ਕਿਉਂ ਜੋ ਸਾਰੇ ਅਕਾਸ਼ ਹੇਠ ਅਜੇਹੀ ਗੱਲ ਨਹੀਂ ਹੋਈ ਜੇਹੀ ਯਰੂਸ਼ਲਮ ਨਾਲ ਹੋਈ ਸੀ (ਦਾਨੀਏਲ 9:11, 12; ਜ਼ੋਰ ਦਿੱਤਾ ਗਿਆ ਹੈ)।

587 ਈ.ਪੂ. ਵਿੱਚ, ਯਰੂਸ਼ਲਮ ਤੇ ਬਾਬਲ ਦੀ ਘੇਰਾਬੰਦੀ ਦੌਰਾਨ ਜਦੋਂ ਯਹੂਦਾਹ ਦੇ ਰਾਜ ਦਾ ਅੰਤ ਨੇੜੇ ਆ ਗਿਆ, ਯਿਰਮਿਯਾਹ ਨੇ ਵਿਰਲਾਪ ਕੀਤਾ ਸੀ। ਨਬੀ ਸੱਚਾਈ ਨੂੰ ਜਾਣਦਾ ਸੀ ਅਤੇ ਉਸ ਨੇ ਪਰਮੇਸ਼ੁਰ ਦੀਆਂ ਚਿਤਾਵਨੀਆਂ ਦਿੱਤੀਆਂ ਸਨ। ਉਸ ਨੇ ਲਿਖਿਆ ਕਿ ਉਨ੍ਹਾਂ ਨੂੰ ਉਹ ਧਰਤੀ ਉਨ੍ਹਾਂ ਦੀ ਮਿਲਖ ਹੋਣ ਦੇ ਲਈ ਦੇਣ ਦੀ ਪਰਮੇਸ਼ੁਰ ਦੀ ਸੌਂਹ ਦੇ ਬਾਵਜੂਦ, ਲੋਕਾਂ ਦੀ ਅਣਆਗਿਆਕਾਰੀ ਦੇ ਕਾਰਣ ਯਹੂਦਾਹ ਤੇ ਬਰਬਾਦੀ ਆ ਰਹੀ ਸੀ:

> ਤੈਂ ਆਪਣੀ ਪਰਜਾ ਇਸਰਾਏਲ ਨੂੰ ਮਿਸਰ ਦੇ ਦੇਸ ਵਿੱਚੋਂ ਨਿਸ਼ਾਨਾਂ ਅਤੇ ਅਚੰਭਿਆਂ ਨਾਲ . . . ਬਾਹਰ ਲਿਆਂਦਾ ਅਤੇ ਏਹ ਦੇਸ ਓਹਨਾਂ ਨੂੰ ਦਿੱਤਾ ਜਿਹ ਦਾ ਤੈਂ ਓਹਨਾਂ *ਦੇ ਪਿਉ ਦਾਦਿਆਂ ਨਾਲ ਓਹਨਾਂ ਨੂੰ ਦੇਣ ਦੀ ਸੌਂਹ [ਸ਼ਾਬਾ] ਖਾਧੀ ਸੀ* . . . ਓਹ ਉਹ ਦੇ ਵਿੱਚ ਆ ਵੜੇ ਅਤੇ ਓਹਨਾਂ ਨੇ ਕਬਜ਼ਾ ਕਰ ਲਿਆ, *ਪਰ ਓਹਨਾਂ ਤੇਰੀ ਅਵਾਜ਼ ਨਾ ਸੁਣੀ, ਨਾ ਤੇਰੀ ਬਿਵਸਥਾ ਉੱਤੇ ਚੱਲੇ* . . . ; *ਏਸ ਲਈ ਤੈਂ ਸਾਰੀ ਬੁਰਿਆਈ ਨੂੰ ਓਹਨਾਂ ਲਈ ਸੱਦ ਲਿਆ।* ਵੇਖ, ਸ਼ਹਿਰ ਦੇ ਲੈ ਲੈਣ ਲਈ ਉਸ ਤੀਕ ਦਮਦਮੇ ਬਣ ਗਏ ਹਨ ਅਤੇ ਸ਼ਹਿਰ ਕਸਦੀਆਂ ਦੇ ਹੱਥ ਵਿੱਚ ਜਿਨ੍ਹਾਂ ਉਹ ਦੇ ਉੱਤੇ ਚੜ੍ਹਾਈ ਕੀਤੀ ਹੈ . . . ਦਿੱਤਾ ਗਿਆ ਹੈ ਅਤੇ ਜੋ ਤੂੰ ਬੋਲਿਆ ਸੈਂ ਉਹ ਹੋ ਗਿਆ ਹੈ (ਯਿਰਮਿਯਾਹ 32:21-24; ਜ਼ੋਰ ਦਿੱਤਾ ਗਿਆ ਹੈ)।

ਯਿਰਮਿਯਾਹ ਵਰਗੇ ਨਬੀਆਂ ਨੂੰ ਵੀ ਆਪਣੇ ਸਮਕਾਲੀਆਂ ਨੂੰ ਇਹ ਯਕੀਨ ਦਿਵਾਉਣ ਵਿੱਚ ਮੁਸ਼ਕਲ ਸਮੇਂ ਦਾ ਸਾਹਮਣਾ ਕਰਨਾ ਪਿਆ ਸੀ ਕਿ ਉਹ ਆਪਣੇ ਦੇਸ ਨੂੰ ਗੁਆ ਦੇਣਗੇ ਜੇਕਰ ਉਨ੍ਹਾਂ ਨੇ ਮਨ ਨਾ ਫਿਰਾਇਆ ਅਤੇ ਪਰਮੇਸ਼ੁਰ ਵੱਲ ਨਾ ਮੁੜੇ। ਉਨ੍ਹਾਂ ਯਹੂਦੀ ਲੋਕਾਂ ਨੇ ਅੱਜ ਕੱਲ੍ਹ ਦੇ ਕੁਝ ਲੋਕਾਂ ਦੇ ਵਾਂਗ ਇਸ ਤੱਥ ਨੂੰ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਉਸ ਦੇਸ ਸੰਬੰਧੀ ਨਬੂਵਤਾਂ ਸ਼ਰਤ ਨਾਲ ਸਨ। ਲੋਕਾਂ ਨੇ ਵਾਇਦਿਆਂ ਦੇ ਇੱਕ ਪਾਸੇ ਨੂੰ ਸਮਝਿਆ ਜੋ ਪਰਮੇਸ਼ੁਰ ਨੇ ਉਨ੍ਹਾਂ ਦੇ ਪਿਉ ਦਾਦਿਆਂ ਨੂੰ ਦੇਣ ਦੀ ਸੌਂਹ ਖਾਧੀ ਸੀ ਅਤੇ ਉਨ੍ਹਾਂ ਨੇ ਉਨ੍ਹਾਂ ਦੀ ਬਿਨਾਂ ਸ਼ਰਤ ਦੇ ਵਿਆਖਿਆ ਕੀਤੀ। ਉਨ੍ਹਾਂ ਨੇ ਇਸ ਤੱਥ ਨੂੰ ਅਣਦੇਖਾ ਕੀਤਾ ਕਿ ਉਨ੍ਹਾਂ ਨੂੰ ਪਰਮੇਸ਼ੁਰ ਦੇ ਪ੍ਰਤੀ ਅਤੇ ਮੂਸਾ ਦੇ ਨੇਮ ਦੇ ਪ੍ਰਤੀ ਵਫ਼ਾਦਾਰ ਰਹਿਣ ਦੀ ਲੋੜ ਹੈ।

2. *ਰਾਜ ਗੱਦੀ ਦੇ ਵਾਅਦੇ ਦਾ ਸ਼ਰਤ ਵਾਲਾ ਸੁਭਾਅ।* ਪਰਮੇਸ਼ੁਰ ਦੇ ਕੁਝ ਵਾਅਦੇ ਬਿਨਾਂ ਸ਼ਰਤ ਵਾਲੇ ਜਾਪ ਸਕਦੇ ਹਨ ਕਿਉਂਕਿ ਹਰ ਸੰਦਰਭ ਵਿੱਚ ਵਿਸ਼ੇਸ਼ ਸ਼ਰਤਾਂ ਨਹੀਂ ਦੱਸੀਆਂ ਗਈਆਂ ਹਨ। ਇਸ ਦਾ ਇੱਕ ਉਦਾਰਹਣ 2 ਸਮੂਏਲ 7:16 ਵਿੱਚ ਦਾਊਦ ਦੀ ਰਾਜ ਗੱਦੀ ਦੇ ਸੰਬੰਧ ਵਿੱਚ ਪਰਮੇਸ਼ੁਰ ਦੀ ਸੌਂਹ ਹੈ: “ਸਗੋਂ ਤੇਰਾ ਟੱਬਰ [ਵੰਸ] ਅਤੇ ਤੇਰਾ ਰਾਜ ਸਦੀਪਕ ਤੋੜੀ ਤੇਰੇ ਅੱਗੇ ਪੱਕਾ ਰਹੇਗਾ। ਤੇਰੀ ਰਾਜ ਗੱਦੀ ਸਦਾ ਅਟੱਲ ਰਹੇਗੀ।” ਇਸ ਘੋਸ਼ਣਾ ਦੇ ਕਾਰਣ

ਬਹੁਤ ਸਾਰੇ ਯਹੂਦੀ ਲੋਕਾਂ ਨੇ ਇਹ ਵਿਸ਼ਵਾਸ ਕਰ ਲਿਆ ਕਿ ਪਰਮੇਸ਼ੁਰ ਯਰੂਸ਼ਲਮ ਨੂੰ ਕਦੇ ਡਿੱਗਣ ਨਹੀਂ ਦੇਵੇਗਾ ਜਾਂ ਦਾਊਦ ਦੇ ਵੰਸ਼ ਨੂੰ ਕਦੇ ਖਤਮ ਨਹੀਂ ਕਰੇਗਾ, ਭਾਵੇਂ ਕੌਮ ਕਿੰਨੀ ਵੀ ਭਰਿਸ਼ਟ ਜਾਂ ਮੂਰਤੀਪੂਜਕ ਕਿਉਂ ਨਾ ਬਣ ਜਾਵੇ ਜਾਂ ਲੋਕ ਮੂਸਾ ਦੇ ਨੇਮ ਪ੍ਰਤੀ ਜਿੰਨੇ ਮਰਜ਼ੀ ਬੇਵਫ਼ਾ ਕਿਉਂ ਨਾ ਹੋਣ ਜਾਣ।

ਜ਼ਬੂਰ 89 ਸਮੱਸਿਆ ਦਾ ਉਦਾਹਰਣ ਦਿੰਦਾ ਹੈ। ਲੇਖਕ ਨੇ ਉਸ ਸੌਂਹ ਦੇ ਪ੍ਰਤੀ ਪਰਮੇਸ਼ੁਰ ਦੀ ਵਫ਼ਾਦਾਰੀ ਦੀ ਤਾਰੀਫ ਕਰਦਿਆਂ ਸ਼ੁਰੂਆਤ ਕੀਤੀ ਜੋ ਉਸ ਨੇ ਦਾਊਦ ਨਾਲ ਖਾਧੀ ਸੀ ਅਤੇ ਕਿਹਾ, "ਮੈਂ ਆਪਣੇ ਚੁਣੇ ਹੋਏ ਦੇ ਨਾਲ ਨੇਮ ਬੰਨ੍ਹਿਆ ਹੈ, ਮੈਂ ਆਪਣੇ ਦਾਸ ਦਾਊਦ ਨਾਲ ਸੌਂਹ [*ਸ਼ਾਬਾ*] ਖਾਧੀ ਭਈ ਮੈਂ ਤੇਰੀ ਅੰਸ ਨੂੰ ਸਦਾ ਤੀਕ ਕਾਇਮ ਰੱਖਾਂਗਾ ਅਤੇ ਤੇਰੀ ਰਾਜ ਗੱਦੀ ਨੂੰ ਪੀੜ੍ਹੀਓਂ ਪੀੜ੍ਹੀ ਬਣਾਈ ਰੱਖਾਂਗਾ" (ਜ਼ਬੂਰ 89:3, 4)। ਫਿਰ, ਦਾਊਦ ਦੀ ਬੁਲਾਹਟ, ਉਸ ਦੇ ਮਸਹ ਅਤੇ ਯਹੋਵਾਹ ਨਾਲ ਉਸ ਦੇ ਰਿਸ਼ਤੇ ਨੂੰ ਦੁਹਰਾਉਣ ਤੋਂ ਬਾਅਦ, ਜ਼ਬੂਰ ਲਿਖਣ ਵਾਲੇ ਨੇ ਪਰਮੇਸ਼ੁਰ ਦੀਆਂ ਗੱਲਾਂ ਨੂੰ ਦੁਹਰਾਇਆ: "ਇੱਕ ਵਾਰ ਮੈਂ ਆਪਣੀ ਪਵਿੱਤਰਤਾਈ ਸੀ ਸੌਂਹ [*ਸ਼ਾਬਾ*] ਖਾ ਚੁੱਕਾ ਹਾਂ, ਫੇਰ ਦਾਊਦ ਨਾਲ ਝੂਠ ਨਾ ਬੋਲਾਂਗਾ। ਉਹ ਦਾ ਵੰਸ ਅੰਤਕਾਲ ਤੀਕ ਅਤੇ ਉਹ ਦੀ ਰਾਜ ਗੱਦੀ ਸੂਰਜ ਵਾਂਙੁ ਮੇਰੇ ਅੱਗੇ ਬਣੀ ਰਹੇਗੀ। ਉਹ ਚੰਦਰਮਾ ਜਿਹੀ ਕਾਇਮ ਰਹੇਗੀ ਅਤੇ ਗਗਣ ਦੀ ਸੱਚੀ ਸਾਖ ਜਿਹੀ" (ਜ਼ਬੂਰ 89:35-37)।

ਫਿਰ ਵੀ, ਜ਼ਬੂਰ ਦੇ ਦੂਜੇ ਹਿੱਸੇ ਵਿੱਚ ਵਿਸ਼ਾ ਵੱਖਰਾ ਹੈ। ਇਸ ਤਰ੍ਹਾਂ ਲੱਗਦਾ ਹੈ ਕਿ ਕਿਵੇਂ ਪਰਮੇਸ਼ੁਰ ਦਾ ਨਾ ਬਦਲਣ ਵਾਲਾ ਪ੍ਰੇਮ ਬਦਲ ਚੁੱਕਾ ਹੈ; ਦਾਊਦ ਨਾਲ ਬੰਨ੍ਹੇ ਗਏ ਨੇਮ ਪ੍ਰਤੀ ਉਸ ਦੀ ਵਫ਼ਾਦਾਰੀ ਤੇ ਸਵਾਲ ਖੜ੍ਹਾ ਹੋ ਗਿਆ ਸੀ। ਪਰਮੇਸ਼ੁਰ ਦਾ "ਮਸਹ ਕੀਤਾ ਹੋਇਆ" ਰਾਜਾ "ਤਿਆਗ ਦਿੱਤਾ ਅਤੇ ਰੱਦ ਕੀਤਾ ਗਿਆ" (ਜ਼ਬੂਰ 89:38) ਅਤੇ ਉਹ ਗੱਲ ਜਿਸ ਦੀ ਪਰਮੇਸ਼ੁਰ ਨੇ ਕਦੇ ਨਾ ਕਰਨ ਦੀ ਸੌਂਹ ਖਾਧੀ ਸੀ ਹੋ ਚੁੱਕੀ ਸੀ: "ਤੈਂ ਆਪਣੇ ਦਾਸ ਦੇ ਨੇਮ ਨੂੰ ਘਿਣਾਉਣਾ ਸਮਝਿਆ, ਤੈਂ ਉਹ ਦੇ ਮੁਕਟ ਨੂੰ ਮਿੱਟੀ ਵਿੱਚ ਭਰਿਸ਼ਟ ਕੀਤਾ ਹੈ, ਤੈਂ ਉਹ ਦੀਆਂ ਸਾਰੀਆਂ ਵਾੜਾਂ ਨੂੰ ਤੋੜ ਦਿੱਤਾ ਹੈ . . ." (ਜ਼ਬੂਰ 89:39, 40)। ਉਹ ਜਿਸ ਬਾਰੇ ਨਹੀਂ ਸੀ ਸੋਚਿਆ ਹੋ ਗਿਆ ਸੀ: "ਤੈਂ ਉਹ ਦੇ ਤੇਜ ਨੂੰ ਮੁਕਾ ਦਿੱਤਾ ਹੈ ਅਤੇ ਉਹ ਦੀ ਰਾਜ ਗੱਦੀ ਨੂੰ ਧਰਤੀ ਉੱਤੇ ਪਟਕਾ ਮਾਰਿਆ" (ਜ਼ਬੂਰ 89:44)। ਇਸ ਦੇ ਨਾਲ ਹੀ, ਜ਼ਬੂਰ ਲਿਖਣ ਵਾਲੇ ਨੇ ਦੁੱਖ ਭਰਿਆ ਸਵਾਲ ਕੀਤਾ: "ਹੇ ਪ੍ਰਭੂ, ਤੇਰੀਆਂ ਓਹ ਪਹਿਲੀਆਂ ਦਿਆਲਗੀਆਂ ਕਿੱਥੇ ਹਨ, ਜਿਨ੍ਹਾਂ ਦੇ ਵਿਖੇ ਤੈਂ ਆਪਣੀ ਵਫ਼ਾਦਾਰੀ ਵਿੱਚ ਦਾਊਦ ਨਾਲ ਸੌਂਹ [*ਸ਼ਾਬਾ*] ਖਾਧੀ ਸੀ?" (ਜ਼ਬੂਰ 89:49)।

ਬੇਸ਼ੱਕ, ਇਹ ਦੁੱਖ ਵਾਲੀ ਗੱਲ ਸੀ ਕਿ ਯਰੂਸ਼ਲਮ ਡਿੱਗ ਪਈ ਸੀ, ਦਾਊਦ ਦਾ ਵੰਸ ਖਤਮ ਹੋ ਗਿਆ ਸੀ ਅਤੇ ਪਰਮੇਸ਼ੁਰ ਦੇ ਲੋਕਾਂ ਨੇ ਆਪਣੇ ਦੇਸ ਨੂੰ ਗੁਆ ਦਿੱਤਾ ਸੀ; ਪਰ ਇਸ ਇੱਥੇ ਆ ਕੇ ਜ਼ਬੂਰ ਲਿਖਣ ਵਾਲੇ ਦੀ ਸਮਝ ਗਲਤ ਸੀ ਕਿਉਂਕਿ ਉਸ ਨੇ ਮੁੱਖ ਤੌਰ ਤੇ ਮੂਸਾ ਦੇ ਨੇਮ ਦੀ ਬਜਾਇ ਦਾਊਦ ਦੇ ਨੇਮ ਨੂੰ ਵੇਖਿਆ ਸੀ। ਉਸ ਨੇ ਵੀ ਉਹੀ ਗਲਤੀ ਕੀਤੀ ਸੀ ਜੋ ਯਹੂਦੀ ਲੋਕਾਂ ਨੇ ਕੀਤੀ ਸੀ ਅਤੇ ਦਾਊਦ ਦੇ ਪ੍ਰਤੀ ਪਰਮੇਸ਼ੁਰ ਦੀ ਸੌਂਹ ਨੂੰ ਸ਼ਰਤ ਦੇ ਬਿਨਾਂ ਅਤੇ ਸ਼ਰਤ ਵਾਲੀ ਵਜੋਂ ਵੇਖਣ ਦੁਆਰਾ ਕੁਝ ਅਵੈਂਜਲੀਕਲ ਮਸੀਹੀ ਲੋਕ ਕਰਦੇ ਹਨ, ਜਦ ਕਿ, ਅਸਲ ਵਿੱਚ, ਹੋਰ ਬਹੁਤ ਸਾਰੇ ਬੰਦ ਇਸ ਦੇ ਸ਼ਰਤ ਵਾਲੇ ਸੁਭਾਅ ਨੂੰ ਪਰਗਟ ਕਰਦੇ ਹਨ।

ਇਸ ਦਾ ਪ੍ਰਮੁੱਖ ਉਦਾਹਰਣ ਯਰੂਸ਼ਲਮ ਵਿੱਚ ਹੈਕਲ ਦੇ ਸਮਰਪਣ ਦੇ ਸੰਬੰਧ ਵਿੱਚ ਪਰਗਟ ਕੀਤਾ ਗਿਆ ਹੈ, ਜਦੋਂ ਪਰਮੇਸ਼ੁਰ ਨੇ ਸੁਲੇਮਾਨ ਨੂੰ ਦੱਸਿਆ ਕਿ ਰਾਜ ਗੱਦੀ, ਰਾਜ, ਦੇਸ ਅਤੇ ਹੈਕਲ ਦੇ ਵਾਅਦੇ ਸ਼ਰਤ ਵਾਲੇ ਸਨ। ਪਰਮੇਸ਼ਰ ਨੇ ਕਿਹਾ ਕਿ ਇਸਰਾਏਲ ਇਨ੍ਹਾਂ ਸਾਰਿਆਂ ਵਾਇਦਿਆਂ ਨੂੰ ਗੁਆ ਦੇਵੇਗਾ ਜੇਕਰ ਉਹ ਯਹੋਵਾਹ ਦੇ ਪ੍ਰਤੀ ਬੇਵਫ਼ਾ ਹੋਣਗੇ ਅਤੇ ਦੂਜੇ ਦੇਵੀ ਦੇਵਤਿਆਂ ਦੀ ਪੂਜਾ ਕਰਨਗੇ। 1 ਰਾਜਿਆਂ 8 ਵਿੱਚ ਸੁਲੇਮਾਨ ਦੀ ਪ੍ਰਾਰਥਨਾ ਦੇ ਜਵਾਬ ਵਿੱਚ,

ਪਰਮੇਸ਼ੁਰ ਨੇ ਕਿਹਾ,

> ਮੈਂ ਤੇਰੀ ਬੇਨਤੀ ਤੇ ਅਰਦਾਸ ਨੂੰ ਜੋ ਤੈਂ ਮੇਰੇ ਅੱਗੇ ਕੀਤੀ ਸੁਣਿਆ। ਮੈਂ ਇਸ ਭਵਨ [ਹੈਕਲ] ਨੂੰ ਜੋ ਤੈਂ ਬਣਾਇਆ ਪਵਿੱਤਰ ਕੀਤਾ ਅਤੇ ਮੈਂ ਆਪਣਾ ਨਾਮ ਸਦਾ ਤੀਕ ਏਥੇ ਰੱਖਾਂਗਾ . . . ਜੇ ਤੂੰ ਮੇਰੇ ਸਨਮੁਖ ਮਨ ਦੀ ਸਚਿਆਈ ਤੇ ਧਰਮ ਨਾਲ ਚੱਲੇਂਗਾ ਜਿਵੇਂ ਤੇਰਾ ਪਿਤਾ ਦਾਊਦ ਚੱਲਦਾ ਰਿਹਾ . . . ਤਾਂ ਮੈਂ ਤੇਰੀ ਪਾਤਸ਼ਾਹੀ ਦੀ ਰਾਜ ਗੱਦੀ ਇਸਰਾਏਲ ਉੱਤੇ ਸਦਾ ਤੀਕ ਕਾਇਮ ਰੱਖਾਂਗਾ ਜਿਵੇਂ ਮੈਂ ਤੇਰੇ ਪਿਤਾ ਦਾਊਦ ਨਾਲ ਏਹ ਆਖ ਕੇ ਬਚਨ ਕੀਤਾ ਸੀ . . . ਪਰ ਜੇ ਤੁਸੀਂ ਜਾਂ ਤੁਹਾਡੀ ਸੰਤਾਨ ਮੈਥੋਂ ਫਿਰ ਜਾਵੇ . . . ਜਾ ਕੇ ਹੋਰਨਾਂ ਦੇਵਤਿਆਂ ਦੀ ਪੂਜਾ ਕਰੋ ਅਤੇ ਉਨ੍ਹਾਂ ਅੱਗੇ ਮੱਥਾ ਟੇਕੋ ਤਾਂ ਮੈਂ ਇਸਰਾਏਲ ਨੂੰ ਉਸ ਭੂਮੀਂ ਦੇ ਉੱਤੋਂ ਜੋ ਮੈਂ ਉਨ੍ਹਾਂ ਨੂੰ ਦਿੱਤੀ ਛੇਕ ਦਿਆਂਗਾ ਅਤੇ ਏਸ ਭਵਨ [ਹੈਕਲ] ਨੂੰ ਜੋ ਮੈਂ ਆਪਣੇ ਨਾਮ ਲਈ ਪਵਿੱਤਰ ਕੀਤਾ ਮੈਂ ਆਪਣੀ ਨਿਗਾਹ ਤੋਂ ਲਾਹ ਸੁੱਟਾਂਗਾ ਸੋ ਇਸਰਾਏਲ ਸਾਰੇ ਲੋਕਾਂ ਵਿੱਚ ਕਹਾਉਤ ਤੇ ਠਿੱਠ ਹੋਵੇਗਾ (1 ਰਾਜਿਆਂ 9:3-7)।

ਜ਼ਬੂਰ 132:11, 12 ਵਿੱਚ ਦਾਊਦ ਦੀ ਭੌਤਿਕ ਰਾਜ ਗੱਦੀ ਦੇ ਅਸਥਾਈ ਸੁਭਾਅ ਤੇ ਜ਼ੋਰ ਦਿੱਤਾ ਗਿਆ ਹੈ, ਜਿੱਥੇ ਪਰਮੇਸ਼ੁਰ ਦੀ ਸੌਂਹ ਨੇ ਆਪਣਾ ਬਚਾਓ ਮੂਸਾ ਦੇ ਨੇਮ ਦੇ ਪ੍ਰਤੀ ਪਰਮੇਸ਼ੁਰ ਦੇ ਲੋਕਾਂ ਦੀ ਆਗਿਆਕਾਰੀ ਤੇ ਅਧਾਰਿਤ ਕੀਤਾ:

> ਯਹੋਵਾਹ ਨੇ ਦਾਊਦ ਨਾਲ ਸੱਚੀ ਸੌਂਹ ਖਾਧੀ, ਜਿਸ ਤੋਂ ਉਹ ਫਿਰੇਗਾ ਨਹੀਂ, ਭਈ ਮੈਂ ਤੇਰੇ ਢਿੱਡ ਦੇ ਫਲ ਤੋਂ ਤੇਰੀ ਰਾਜ ਗੱਦੀ ਉੱਤੇ ਕਿਸ ਨੂੰ ਬਿਠਾਵਾਂਗਾ। ਜੇ ਤੇਰੀ ਅੰਸ ਮੇਰੇ ਨੇਮ ਤੇ ਮੇਰੀ ਸਾਖੀ ਦੀ, ਜੋ ਮੈਂ ਉਨ੍ਹਾਂ ਨੂੰ ਸਿਖਾਵਾਂਗਾ ਪਾਲਨਾ ਕਰੇ, ਤਾਂ ਉਨ੍ਹਾਂ ਦੀ ਅੰਸ ਵੀ ਜੁੱਗੋ ਜੁੱਗ ਤੇਰੀ ਰਾਜ ਗੱਦੀ ਉੱਤੇ ਬੈਠੇਗੀ।

ਇਸ ਕਥਨ ਵਿੱਚ ਯਹੋਵਾਹ ਦਾ "ਜੇ" ਵਿਸ਼ੇਸ਼ਕ ਵਿਖਾਉਂਦਾ ਸੀ ਕਿ ਦਾਊਦ ਅਤੇ ਉਸ ਦੀ ਅੰਸ ਲਈ ਯਹੋਵਾਹ ਦੇ ਵਾਅਦੇ ਬਿਨਾਂ ਸ਼ਰਤ ਤੋਂ ਨਹੀਂ ਸਨ।

3. *ਮੁੜਨ ਦੇ ਵਾਅਦੇ ਦਾ ਸ਼ਰਤ ਵਾਲਾ ਸੁਭਾਅ।* ਕਈ ਨਬੂਵਤਾਂ ਵਿੱਚ ਅਸੀਰਾਂ ਦੇ ਆਪਣੀ-ਆਪਣੀ ਗੁਲਾਮੀ ਤੋਂ ਬਾਅਦ ਵਾਪਸ ਪਰਤਣ ਅਤੇ ਇੱਕ ਹੋਣ ਦੇ ਨਾਲ-ਨਾਲ ਦਾਊਦ ਦੀ ਰਾਜ ਗੱਦੀ ਦੇ ਮੁੜ ਤੋਂ ਕਾਇਮ ਕੀਤੇ ਜਾਣ ਬਾਰੇ ਪਹਿਲਾਂ ਤੋਂ ਹੀ ਦੱਸ ਦਿੱਤਾ ਗਿਆ ਸੀ (ਹਿਜ਼ਕੀਏਲ 37:1-28; ਯਿਰਮਿਯਾਹ 23:1-8)। ਉਨ੍ਹਾਂ ਦੀਆਂ ਆਸਾਂ ਵੀ, ਲੋਕਾਂ ਦੇ ਯਹੋਵਾਹ ਵੱਲ ਵਾਪਸ ਮੁੜਨ ਤੇ ਨਿਰਭਰ ਸਨ। ਇਸ ਦੀ ਧਿਆਨ ਦੇਣ ਯੋਗ ਉਦਾਹਰਣ 2 ਇਤਹਾਸ 30 ਵਿੱਚ ਮਿਲਦੀ ਹੈ। ਅੱਸ਼ੂਰ ਤੱਕ ਇਸਰਾਏਲ ਦੇ ਉੱਤਰੀ ਰਾਜ ਦੇ ਡਿੱਗਣ ਤੋਂ ਬਾਅਦ, ਹਿਜ਼ਕੀਯਾਹ ਨੇ ਯਹੂਦਾਹ ਵਿੱਚ ਮੁਰੰਮਤ ਦਾ ਕੰਮ ਸ਼ੁਰੂ ਕੀਤਾ। ਉਹ ਆਪਣੇ ਲੋਕਾਂ ਅਤੇ ਯਹੂਦੀ ਲੋਕਾਂ ਦੇ ਉੱਤਰੀ ਬਕੀਏ ਵਿਚਕਾਰ ਏਕਤਾ ਨੂੰ ਵਧਾਉਣਾ ਚਾਹੁੰਦਾ ਸੀ ਜਿਨ੍ਹਾਂ ਨੂੰ ਅੱਸ਼ੂਰ ਦੀ ਗੁਲਾਮੀ ਵਿੱਚ ਲਿਜਾਇਆ ਗਿਆ ਸੀ। ਰਾਜਾ ਨੇ ਉਸ ਪੂਰੇ ਇਲਾਕੇ ਵਿੱਚ ਹਲਕਾਰੇ ਭੇਜੇ ਜੋ ਇੱਕ ਸਮੇਂ ਇਸਰਾਏਲ ਸੀ ਅਤੇ ਯਹੂਦਾਹ ਦੇ ਪੂਰੇ ਰਾਜ ਵਿੱਚ ਚਿੱਠੀਆਂ ਭੇਜੀਆਂ ਅਤੇ ਉਨ੍ਹਾਂ ਸਾਰੇ ਯਹੂਦੀ ਲੋਕਾਂ ਨੂੰ ਆਉਣ ਦਾ ਸੱਦਾ ਦਿੱਤਾ ਜਿਹੜੇ ਦੇਸ ਵਿੱਚ ਰਹਿੰਦੇ ਸਨ ਕਿ ਉਹ ਸਾਰੇ ਯਰੂਸ਼ਲਮ ਵਿੱਚ ਇਕੱਠੇ ਹੋਣ ਅਤੇ ਯਹੋਵਾਹ ਦੇ ਪ੍ਰਤੀ ਉਨ੍ਹਾਂ ਦੇ ਸਮਰਪਣ ਨੂੰ ਨਵਾਂ ਕਰਨ ਜਦੋਂ ਉਹ ਪਸਾਹ ਨੂੰ ਮਨਾਉਣ (2 ਇਤਹਾਸ 30:1-5)। ਹਿਜ਼ਕੀਯਾਹ ਦਾ ਸੱਦਾ ਪੱਤਰ ਕੁਝ ਇਸ ਤਰ੍ਹਾਂ ਦਾ ਸੀ ਜਿਸ ਵਿੱਚ ਲਿਖਿਆ ਸੀ,

> ਹੇ ਇਸਰਾਏਲੀਓ, ਤੁਸੀਂ ਯਹੋਵਾਹ ਵੱਲ ਮੁੜੋ ਜਿਹੜਾ ਅਬਰਾਹਾਮ ਅਰ ਇਸਹਾਕ ਅਰ ਇਸਰਾਏਲ ਦਾ ਪਰਮੇਸ਼ੁਰ ਹੈ ਤਾਂ ਉਹ ਤੁਹਾਡੇ ਬਕੀਏ ਵੱਲ ਜਿਹੜਾ ਅੱਸ਼ੂਰ ਦੇ ਪਾਤਸ਼ਾਹਾਂ ਦੇ ਹੱਥੋਂ ਬਚ ਗਿਆ ਹੈ ਫੇਰ ਮੁੜੇ। . . . ਹੁਣ ਤੁਸੀਂ ਆਪਣੇ ਪਿਉ ਦਾਦਿਆਂ ਵਾਂਙੁ ਹੱਠੀਏ ਨਾ ਬਣੋ ਸਗੋਂ ਯਹੋਵਾਹ ਦੇ ਅਧੀਨ ਹੋ ਜਾਓ ਅਤੇ ਉਸ ਦੇ ਪਵਿੱਤਰ ਅਸਥਾਨ ਵਿੱਚ ਆਓ ਜਿਸ ਨੂੰ ਉਸ ਨੇ ਸਦਾ ਲਈ ਪਵਿੱਤਰ ਕੀਤਾ ਹੈ ਅਤੇ ਯਹੋਵਾਹ ਆਪਣੇ ਪਰਮੇਸ਼ੁਰ ਦੀ ਭਗਤੀ ਕਰੋ ਤਾਂ ਜੋ ਉਸ ਦਾ ਭਾਰੀ ਕਹਿਰ ਤੁਸਾਂ ਉੱਤੋਂ ਟਲ ਜਾਵੇ। ਜੇ ਤੁਸੀਂ ਯਹੋਵਾਹ ਵੱਲ ਫੇਰ ਮੁੜੋ ਤਾਂ ਤੁਹਾਡੇ ਭਰਾ ਅਤੇ ਤੁਹਾਡੇ ਪੁੱਤ੍ਰ ਆਪਣੇ ਅਸੀਰ ਕਰਨ ਵਾਲਿਆਂ ਦੇ ਅੱਗੇ ਤਰਸ ਜੋਗ ਬਣਨਗੇ ਅਤੇ ਏਸ ਦੇਸ ਵਿੱਚ ਫੇਰ ਮੁੜ ਆਉਣਗੇ ਕਿਉਂ ਜੋ ਯਹੋਵਾਹ ਤੁਹਾਡਾ ਪਰਮੇਸ਼ੁਰ ਦਿਆਲੂ ਤੇ ਕਿਰਪਾਲੂ ਹੈ, ਉਹ ਆਪਣਾ ਮੂੰਹ ਤੁਹਾਥੋਂ ਨਹੀਂ ਫੇਰੇਗਾ ਜੇ ਤੁਸੀਂ ਉਹ ਦੀ ਵੱਲ ਮੁੜੋ (2 ਇਤਹਾਸ 30:6-9)।

ਅੱਸ਼ੂਰ ਦੀ ਗੁਲਾਮੀ ਤੋਂ ਪਰਤਣਾ ਉੱਤਰੀ ਰਾਜ, ਇਸਰਾਏਲ ਦੇ ਬਕੀਏ ਦੇ ਮੁੜਨ ਜਾਂ ਤੋਬਾ ਤੇ ਨਿਰਭਰ ਹੋਵੇਗਾ। ਉਨ੍ਹਾਂ ਨੂੰ ਯਰੂਸ਼ਲਮ ਵਿੱਚ ਯਹੋਵਾਹ ਦੀ ਉਪਾਸਨਾ ਕਰਨ ਦੇ ਲਈ ਆਪਣੇ ਯਹੂਦੀ ਭਰਾਵਾਂ ਨਾਲ ਸ਼ਾਮਲ ਹੋਣ ਦੇ ਚਾਹਵੰਦ ਹੋਣਾ ਪੈਣਾ ਸੀ। ਫਿਰ ਵੀ, ਹਿਜ਼ਕੀਯਾਹ ਦੇ ਹਲਕਾਰਿਆਂ ਦੁਆਰਾ ਉਸ ਸੱਦੇ ਪੱਤਰ ਦਾ ਜੋ ਜਵਾਬ ਪੇਸ਼ ਕੀਤਾ ਗਿਆ ਬਹੁਤ ਹੀ ਨਿਰਾਸ਼ ਕਰਨ ਵਾਲਾ ਸੀ, ਕਿਉਂਕਿ ਲਿਖਤ ਦੱਸਦੀ ਹੈ:

> ਸੋ ਹਲਕਾਰੇ ਅਫਰਈਮ ਅਤੇ ਮਨੱਸ਼ਹ ਦੇ ਦੇਸ ਵਿੱਚ ਸ਼ਹਿਰੋਂ ਸ਼ਹਿਰ ਘੁੰਮਦੇ ਹੋਏ ਜ਼ਬੂਲੁਨ [ਉੱਤਰੀ ਇਸਰਾਏਲ ਦੇ ਕੁਝ ਪੁਰਾਣੇ ਕਬੀਲਿਆਂ ਵਾਲੇ ਇਲਾਕੇ] ਤੀਕ ਅੱਪੜੇ ਪਰ ਓਹ ਉਨ੍ਹਾਂ ਨੂੰ ਤੁੱਛ ਜਾਣ ਕੇ ਹੱਸਦੇ ਅਤੇ ਉਨ੍ਹਾਂ ਨੂੰ ਠੱਠੇ ਮਾਰਦੇ ਸਨ। ਤਾਂ ਵੀ ਆਸ਼ੇਰ ਅਤੇ ਮਨੱਸ਼ਹ ਅਤੇ ਜ਼ਬੂਲੁਨ ਵਿੱਚੋਂ ਕਈ ਮਨੁੱਖ ਅਧੀਨ ਹੋਕੇ ਯਰੂਸ਼ਲਮ ਵਿੱਚ ਆਉਣ ਲੱਗ ਪਏ (2 ਇਤਹਾਸ 30:10, 11)।

ਇਸ ਮੂਲ ਲਿਖਤ ਦਾ ਅਰਥ ਇਹ ਹੈ ਕਿ ਮੁੱਠੀਭਰ ਇਸਰਾਏਲੀਆਂ ਨੇ ਆਪਣੇ ਆਪ ਨੂੰ ਯਹੋਵਾਹ ਦੇ ਸਾਹਮਣੇ ਨੀਵਿਆਂ ਕੀਤਾ, ਜਦ ਕਿ ਉੱਤਰੀ ਰਾਜ ਦੇ ਬਕੀਏ ਦੇ ਜ਼ਿਆਦਾਤਰ ਲੋਕਾਂ ਨੇ ਹਿਜ਼ਕੀਯਾਹ ਦੇ ਤੋਬਾ ਕਰਨ ਅਤੇ ਯਹੋਵਾਹ ਵੱਲ ਮੁੜਨ ਦੇ ਸੱਦੇ ਨੂੰ ਠੁਕਰਾ ਦਿੱਤਾ। ਦੋ ਰਾਜਾਂ ਵਿਚਕਾਰ ਬੁਰੇ ਰਿਸ਼ਤਿਆਂ ਦੇ ਲੰਬੇ ਇਤਹਾਸ ਨੇ ਇਸਰਾਏਲ ਦੇ ਬਕੀਏ ਵਿੱਚ ਦਿਲ ਦੀ ਕਠੋਰਤਾ ਨੂੰ ਹੋਰ ਜ਼ਿਆਦਾ ਵਧਾ ਦਿੱਤਾ ਹੋਵੇਗਾ, ਪਰ ਯਹੂਦਾਹ ਨਾਲ ਫੇਰ ਤੋਂ ਮਿਲਣ ਦੇ ਲਈ ਉਨ੍ਹਾਂ ਦੇ ਇਨਕਾਰ ਨੇ ਅੱਸ਼ੂਰ ਦੀ ਗੁਲਾਮੀ ਤੋਂ ਉਨ੍ਹਾਂ ਦੇ ਭਰਾਵਾਂ ਦੇ ਪਰਤਣ ਅਤੇ ਬਾਬਲ ਦੀ ਗੁਲਾਮੀ ਤੋਂ ਬਾਅਦ ਦੁਬਾਰਾ ਯਹੂਦਾਹ ਨਾਲ ਮਿਲਣ ਦੀ ਸੰਭਾਵਨਾ ਨੂੰ ਰੱਦ ਕਰ ਦਿੱਤਾ ਸੀ।

ਇਸ ਤੋਂ ਇਲਾਵਾ ਦੇਸ ਦੇ ਵਾਅਦੇ ਦਾ ਸ਼ਰਤ ਵਾਲਾ ਸੁਭਾਅ, ਗੁਲਾਮੀ ਵਿੱਚੋਂ ਵਾਪਸੀ ਸਮੇਤ, ਯਹੂਦੀ ਲੋਕਾਂ ਦੇ ਸਮੂਹ ਲਈ ਨਹਮਯਾਹ ਦੀ ਪ੍ਰਾਰਥਨਾ ਵਿੱਚ ਦੱਸਿਆ ਗਿਆ ਹੈ ਜਿਹੜੇ ਅਸੀਰੀ ਤੋਂ ਬਾਅਦ ਯਰੂਸ਼ਲਮ ਨੂੰ ਪਰਤੇ ਸਨ:

> ਉਸ ਗੱਲ ਨੂੰ ਯਾਦ ਕਰ ਜਿਹ ਦਾ ਤੈਂ ਆਪਣੇ ਦਾਸ ਮੂਸਾ ਨੂੰ ਹੁਕਮ ਦਿੱਤਾ ਸੀ ਕਿ ਜੇ ਤੁਸੀਂ ਬੇਈਮਾਨੀ ਕਰੋਗੇ ਤਾਂ ਮੈਂ ਤੁਹਾਨੂੰ ਉੱਮਤਾਂ ਵਿੱਚ ਖਿਲਾਰ ਦਿਆਂਗਾ। ਜੇ ਤੁਸੀਂ ਮੇਰੀ ਵੱਲ ਮੁੜੋ ਅਤੇ ਮੇਰੇ ਹੁਕਮਾਂ ਦੀ ਪਾਲਨਾ ਕਰ ਕੇ ਤੁਸੀਂ ਉਨ੍ਹਾਂ ਨੂੰ ਪੂਰਾ ਕਰੋ ਤਾਂ ਮੈਂ ਤੁਹਾਡੇ ਵਿੱਚੋਂ ਧੱਕਿਆਂ ਹੋਇਆਂ ਨੂੰ ਭਾਵੇਂ ਓਹ ਅਕਾਸ਼ ਦੇ ਆਖਰੀ ਕੰਢਿਆਂ ਉੱਤੇ ਹੋਣ ਉੱਥੋਂ ਮੈਂ ਓਹਨਾਂ ਨੂੰ ਇਕੱਠੇ ਕਰ ਕੇ ਉਸ ਅਸਥਾਨ ਵਿੱਚ ਲਿਆਵਾਂਗਾ ਜਿਹੜਾ ਮੈਂ ਆਪਣਾ ਨਾਮ ਵਸਾਉਣ ਲਈ ਚੁਣਿਆ ਹੈ

(ਨਹਮਯਾਹ 1:8, 9)।

ਗੁਲਾਮੀ ਤੋਂ ਇਸਰਾਏਲ ਦਾ ਪਰਤਣਾ ਅਤੇ ਮੁੜ ਦੇਸ ਨੂੰ ਆਪਣੇ ਕਬਜ਼ੇ ਵਿੱਚ ਲੈਣਾ ਲੋਕਾਂ ਦੇ ਪਰਮੇਸ਼ੁਰ ਵੱਲ ਮੁੜਨ ਅਤੇ ਪਰਮੇਸ਼ੁਰ ਦੇ ਹੁਕਮਾਂ ਦੀ ਆਗਿਆਕਾਰੀ ਤੇ ਨਿਰਭਰ ਸੀ। ਵੱਡੀ ਆਸ ਦੀਆਂ ਨਬੂਵਤਾਂ (ਵੇਖੋ ਯਿਰਮਿਯਾਹ 23; ਹਿਜ਼ਕੀਏਲ 37) ਸਿਰਫ ਸੀਮਤ ਅਤੇ ਅੱਧ ਅਧੂਰੇ ਤਰੀਕੇ ਨਾਲ ਪੂਰੀਆਂ ਹੋਈਆਂ ਸਨ ਕਿਉਂਕਿ ਜ਼ਿਆਦਾਤਰ ਅਸੀਰ ਕਦੇ ਪਰਮੇਸ਼ੁਰ ਵੱਲ ਨਹੀਂ ਮੁੜੇ। ਯਸਾਯਾਹ ਨੇ ਇਸਰਾਏਲ, ਪਰਮੇਸ਼ੁਰ ਦੇ "ਦਾਸ" ਨੂੰ "ਬੋਲੇ" ਅਤੇ "ਅੰਨ੍ਹੇ" ਵਜੋਂ ਦਰਸਾਇਆ ਹੈ ਜਿਸ ਨੇ ਗੁਲਾਮੀ ਵਿੱਚ "ਲੁੱਟਿਆ ਜਾ ਕੇ ਅਤੇ ਸ਼ਿਕਾਰ ਹੋ ਕੇ" ਵੀ ਪਰਮੇਸ਼ੁਰ ਦੇ ਸੱਦੇ ਨੂੰ ਸੁਣਨ ਅਤੇ ਉਸ ਦੀ ਵਿਵਸਥਾ ਦਾ ਪਾਲਣ ਕਰਨ ਤੋਂ ਇਨਕਾਰ ਕੀਤਾ ਸੀ (ਯਸਾਯਾਹ 41:8; 42:18-22)। ਦੂਜੇ ਸ਼ਬਦਾਂ ਵਿੱਚ, ਜ਼ਿਆਦਾਤਰ ਲੋਕ ਆਪਣੇ ਦੁਖਦਾਈ ਅਨੁਭਵਾਂ ਤੋਂ ਸਬਕ ਲੈਣ ਅਤੇ ਪਰਮੇਸ਼ੁਰ ਵੱਲ ਮੁੜਨ ਵਿੱਚ ਅਸਫ਼ਲ ਰਹੇ ਸਨ।

ਅਸੀਂ ਨਹੀਂ ਜਾਣਦੇ ਕਿ ਇਸਾਰਏਲ ਅਤੇ ਯਹੂਦਾਹ ਵਿੱਚੋਂ ਕਿੰਨੇ ਜਣਿਆਂ ਨੂੰ ਗੁਲਾਮੀ ਵਿੱਚ ਲਿਜਾਇਆ ਗਿਆ ਸੀ। ਕੁਝ ਅੰਦਾਜ਼ਾ ਲਗਾਉਂਦੇ ਹਨ ਕਿ ਅਸੀਰਾਂ ਦੀ ਗਿਣਤੀ 300,000 ਅਤੇ 500,000 ਦੇ ਵਿਚਕਾਰ ਸੀ, 732 ਈ.ਪੂ. ਵਿੱਚ ਤਿਲਗਥ ਪਿਲਸਰ ਦੇ ਹਟਣ ਨਾਲ ਇਸਰਾਏਲ ਦੀ ਅਬਾਦੀ ਦਾ ਵੱਡਾ ਹਿੱਸਾ ਗਲੀਲ ਤੋਂ ਯਰਦਨ ਨਦੀ ਵੱਲ ਚਲਾ ਗਿਆ (2 ਰਾਜਿਆਂ 15:29)। ਇਸ ਤੋਂ ਇੱਕ ਦਹਾਕੇ ਬਾਅਦ 722 ਈ.ਪੂ. ਵਿੱਚ ਸਾਮਰੀਆ ਦੇ ਡਿੱਗਣ ਨਾਲ ਦੇਸ ਦੀ ਆਖ਼ਰੀ ਬਰਬਾਦੀ ਹੋਈ। ਵਚਨ ਬਸ ਇਹ ਕਹਿੰਦਾ ਹੈ ਕਿ ਅੱਸ਼ੂਰ ਦਾ ਰਾਜਾ "ਇਸਰਾਏਲ ਨੂੰ ਅਸੀਰ ਕਰਕੇ ਅੱਸ਼ੂਰ ਨੂੰ ਲੈ ਗਿਆ" (2 ਰਾਜਿਆਂ 17:6)। ਵੀਹ ਸਾਲਾਂ ਬਾਅਦ, ਅੱਸ਼ੂਰ ਦੇ ਇੱਕ ਹੋਰ ਰਾਜਾ ਸਨੇਹਰੀਬ ਨੇ ਯਹੂਦਾਹ ਦੇ ਦੱਖਣੀ ਰਾਜ ਤੇ ਹਮਲਾ ਕੀਤਾ ਕਿਉਂਕਿ ਹਿਜ਼ਕੀਯਾਹ ਰਾਜਾ ਨੇ ਉਸ ਦੇ ਵਿਰੁੱਧ ਵਿਦਰੋਹ ਕੀਤਾ ਸੀ (2 ਰਾਜਿਆਂ 18:7) ਅਤੇ ਦੂਜੀਆਂ ਕੌਮਾਂ ਨਾਲ ਰੱਖਿਆਤਮਕ ਸਮਝੌਤਾ ਕੀਤਾ ਸੀ। ਸਨੇਹਰੀਬ ਦੀ ਫੌਜ ਨੇ ਦੇਸ ਨੂੰ ਤਬਾਹ ਕਰ ਦਿੱਤਾ ਅਤੇ ਉਸ ਨੇ ਮਿੱਟੀ ਦੇ ਕਈ ਕੈਦਖਾਨਿਆਂ ਤੇ ਆਪਣੀ ਜਿੱਤ ਦਾ ਗੁਣਗਾਣ ਕੀਤਾ ਸੀ। ਇਹ ਲਿਖਤ ਪ੍ਰਮਾਣ ਦਾਅਵਾ ਕਰਦੇ ਹਨ ਕਿ ਉਹ 200,000 ਤੋਂ ਵੱਧ ਲੋਕਾਂ ਨੂੰ ਅਸੀਰੀ ਵਿੱਚ ਲੈ ਕੇ ਗਿਆ ਸੀ, ਯਹੂਦਾਹ ਵਿੱਚ ਛਿਆਠ ਨਗਰਾਂ ਨੂੰ ਤਬਾਹ ਕਰਨ ਅਤੇ ਯਰੂਸ਼ਲਮ ਵਿੱਚ ਹਿਜ਼ਕੀਯਾਹ ਰਾਜਾ ਨੂੰ "ਇੱਕ ਪੰਛੀ ਦੇ ਵਾਂਗ ਪਿੰਜਰੇ ਵਿੱਚ" ਬੰਦ ਕਰਨ ਤੋਂ ਬਾਅਦ[22] (ਵੇਖੋ 2 ਰਾਜਿਆਂ 18:13)। ਫਿਰ ਵੀ, ਹਿਜ਼ਕੀਯਾਹ ਦੀ ਸੱਚੇ ਮਨ ਨਾਲ ਕੀਤੀ ਗਈ ਪ੍ਰਾਰਥਨਾ ਅਤੇ ਯਹੋਵਾਹ ਦੀ ਰੱਬੀ ਦਖ਼ਲਅੰਦਾਜ਼ੀ ਦੇ ਕਾਰਣ, ਇਹ ਰਾਜਧਾਨੀ 701 ਈ.ਪੂ. ਵਿੱਚ ਘੇਰਾਬੰਦੀ ਦੌਰਾਨ ਨਹੀਂ ਸੀ ਡਿੱਗੀ (2 ਰਾਜਿਆਂ 19:14-35)।

ਲਗਭਗ ਇੱਕ ਸਦੀ ਬਾਅਦ, ਅੱਸ਼ੂਰ ਦੀ ਆਖ਼ਰੀ ਹਾਰ ਅਤੇ ਨਬੂਕਦਨੱਸਰ ਦੇ ਸੱਤਾ ਵਿੱਚ ਆਉਣ ਤੋਂ ਬਾਅਦ, ਯਹੂਦੀ ਲੋਕਾਂ ਨੂੰ ਬਾਬਲ ਦੀ ਗੁਲਾਮੀ ਵਿੱਚ ਲਿਜਾਇਆ ਗਿਆ। ਇਹ ਤਿੰਨ ਪੜਾਵਾਂ ਵਿੱਚ ਹੋਇਆ ਸੀ। ਪਹਿਲਾ ਪੜਾਅ 605 ਈ.ਪੂ. ਵਿੱਚ ਆਇਆ, ਯਹੋਯਾਕੀਮ ਦੇ ਰਾਜ ਦੇ ਦੌਰਾਨ, ਜਦੋਂ ਨਬੂਕਦਨੱਸਰ ਦੀ ਫੌਜ ਦਾਨੀਏਲ ਅਤੇ ਯਰੂਸ਼ਲਮ ਦੇ ਹੋਰ ਜਵਾਨ ਪੁਰਸ਼ਾਂ ਨੂੰ ਬਾਬੁਲ ਲੈ ਗਈ (2 ਰਾਜਿਆਂ 24:1-3; ਦਾਨੀਏਲ 1:1-4)। ਦੂਜੇ ਸਮੂਹ ਨੂੰ 597 ਈ.ਪੂ. ਵਿੱਚ ਹਟਾਇਆ ਗਿਆ ਸੀ, ਜਦੋਂ ਯਹੋਯਾਕੀਮ ਰਾਜਾ, ਸ਼ਾਹੀ ਪਰਿਵਾਰ ਅਤੇ ਯਰੂਸ਼ਲਮ ਦੇ ਮੁੱਖ ਨਾਗਰਿਕਾਂ ਵਿੱਚੋਂ ਦਸ ਹਜ਼ਾਰ ਨੂੰ ਬਾਬਲ ਲਿਜਾਇਆ ਗਿਆ (2 ਰਾਜਿਆਂ 24:8-14)। ਸਿਦਕੀਯਾਹ ਰਾਜਾ ਅਧੀਨ ਆਖ਼ਰੀ ਵਿਦਰੋਹ 586 ਈ.ਪੂ. ਵਿੱਚ ਖਤਮ ਹੋਇਆ, ਬਾਬਲ ਦੇ ਲੋਕਾਂ ਦੁਆਰਾ ਯਰੂਸ਼ਲਮ, ਇਸ ਦੀਆਂ ਕੰਧਾਂ ਅਤੇ ਸੁਲੇਮਾਨ ਦੀ ਵੱਡੀ ਹੈਕਲ ਨੂੰ ਤਬਾਹ ਕਰਨ

ਦੇ ਨਾਲ। ਦੁਸ਼ਮਣ ਨੇ ਯਹੂਦਾਹ ਵਿੱਚ ਸਾਰੇ ਲੋਕਾਂ ਦਾ ਸਫਾਇਆ ਕਰ ਦਿੱਤਾ ਅਤੇ ਉਸ ਦੇਸ ਵਿੱਚ ਕੁਝ ਕੰਗਾਲ ਲੋਕਾਂ ਨੂੰ ਬਾਗਬਾਨਾਂ ਅਤੇ ਹਲ ਵਾਹੁਣ ਵਾਲਿਆਂ ਦਾ ਕੰਮ ਕਰਨ ਦੇ ਲਈ ਛੱਡ ਦਿੱਤਾ। ਉਨ੍ਹਾਂ ਨੇ ਆਪਣੇ ਜਿੱਤਣ ਵਾਲਿਆਂ ਨੂੰ ਟੈਕਸ ਦੇਣਾ ਸੀ (2 ਰਾਜਿਆਂ 25:1-12)। ਅਸੀਰਾਂ ਦੀ ਇਸ ਵੱਡੀ ਗਿਣਤੀ ਵਿੱਚੋਂ, ਜਿੱਥੋਂ ਤੱਕ ਅਸੀਂ ਜਾਣਦੇ ਹਾਂ, ਸਿਰਫ 10 ਜਾਂ 15 ਪ੍ਰਤੀਸ਼ਤ ਬਾਬਲ ਦੇ ਢਹਿਣ ਤੋਂ ਬਾਅਦ ਯਹੂਦਾਹ ਦੇ ਪ੍ਰਦੇਸ ਨੂੰ ਪਰਤੇ ਅਤੇ ਫਾਰਸੀ ਰਾਜਿਆਂ ਨੇ ਅਸੀਰਾਂ ਨੂੰ ਉਨ੍ਹਾਂ ਦੇ ਪੁਸ਼ਤੈਨੀ ਘਰਾਂ ਵਿੱਚ ਵਾਪਸ ਜਾਣ ਦਿੱਤਾ (ਵੇਖੋ ਅਜ਼ਰਾ 2:64; 8:1-20; ਨਹਮਯਾਹ 2:11, 12)।

ਖੋਰੁਸ ਦੇ ਇਹ ਫ਼ਰਮਾਨ ਜਾਰੀ ਕਰਨ ਤੋਂ ਬਾਅਦ ਕਿ ਅਸੀਰ ਆਪਣੇ-ਆਪਣੇ ਦੇਸਾਂ ਨੂੰ ਪਰਤ ਸਕਦੇ ਹਨ, ਦਾਊਦ ਰਾਜਾ ਨੂੰ ਇਸ ਬਹਾਲ ਦੇਸ ਦੇ ਬਾਰੇ ਇੱਕ ਸ਼ਾਨਦਰ ਨਬੂਵਤੀ ਦਰਸ਼ਣ ਹੋਇਆ – ਪਰ ਉਸ ਹੱਦ ਤੱਕ ਨਹੀਂ ਜਿਸ ਤਰ੍ਹਾਂ ਪਰਮੇਸ਼ੁਰ ਚਾਹੁੰਦਾ ਸੀ, ਕਿਉਂਕਿ ਜ਼ਿਆਦਾਤਰ ਯਹੂਦੀ ਲੋਕ ਆਪਣੇ ਦੇਸ ਨੂੰ ਕਦੇ ਨਹੀਂ ਪਰਤੇ। "ਅਨੰਤ ਨੇਮ" ਦੇ ਉਸ ਮਹੱਤਵਪੂਰਣ ਹਿੱਸੇ ਵਿੱਚ ਜੋ ਪਰਮੇਸ਼ੁਰ ਨੇ ਦਾਊਦ ਨਾਲ ਬੰਨ੍ਹਿਆ ਸੀ, ਜਿਸ ਨੂੰ ਯਸਾਯਾਹ ਨੇ "ਦਾਊਦ ਦੀਆਂ ਸੱਚੀਆਂ ਦਿਆਲਗੀਆਂ" (ਯਸਾਯਾਹ 55:3) ਕਿਹਾ ਸੀ, ਉਸ ਦੀ ਰਾਜ ਗੱਦੀ ਅਤੇ ਰਾਜ ਨੂੰ ਮੁੜ ਤੋਂ ਸਥਾਪਤ ਕਰਨਾ ਸ਼ਾਮਲ ਸੀ ਕਿਉਂਕਿ ਉਸ ਨੇ "ਉੱਮਤਾਂ [ਗੈਰ-ਕੌਮਾਂ] ਲਈ ਗਵਾਹ" ਹੋਣਾ ਸੀ (ਯਸਾਯਾਹ 55:4)। ਦਾਊਦ ਦੇ ਸਭ ਤੋਂ ਜ਼ਿਆਦਾ ਭਰੋਸੇਮੰਦ ਸਿਪਾਹੀ ਵਿਦੇਸ਼ੀ ਸਨ ਜਿਹੜੇ ਯਹੋਵਾਹ ਅਤੇ ਉਸ ਦੇ ਪ੍ਰਤੀ ਵਫ਼ਾਦਾਰ ਸਨ: ਇਨ੍ਹਾਂ ਵਿੱਚ ਹਿੱਤੀ ਊਰਿੱਯਾਹ (2 ਸਮੂਏਲ 11:3-11), ਰਾਜਾ ਦੇ ਛੇ ਸੌ ਫਲਿਸਤੀ ਅੰਗ-ਰੱਖਿਅਕ (2 ਸਮੂਏਲ 15:18-22) ਅਤੇ ਹੋਰ "ਸੂਰਮੇ" (2 ਸਮੂਏਲ 23:8-30; 1 ਇਤਹਾਸ 11:10-47) ਸ਼ਾਮਲ ਸਨ। ਦਾਊਦ ਨੂੰ ਆਪਣੇ ਦੁਸ਼ਮਣਾਂ ਨੂੰ ਹਰਾਉਣ ਅਤੇ ਫਿਰ ਉਨ੍ਹਾਂ ਨੂੰ ਪਰਮੇਸ਼ੁਰ ਦੇ ਮਸਹ ਕੀਤੇ ਹੋਏ ਵਜੋਂ ਯਹੋਵਾਹ ਅਤੇ ਖੁਦ ਦੀ ਸੇਵਾ ਟਹਿਲ ਕਰਾਉਣ ਦੇ ਲਈ ਸਵੀਕਾਰ ਕਰਨ ਦਾ ਤਰੀਕਾ ਸੀ। ਯਹੂਦੀ ਲੋਕਾਂ, ਪਰਮੇਸ਼ੁਰ ਦੇ ਲੋਕ ਹੋਣ ਦੇ ਨਾਤੇ, ਉਸ ਦੇ ਨਮੂਨੇ ਤੇ ਚੱਲਣਾ ਸੀ ਅਤੇ "ਇੱਕ ਕੌਮ ਨੂੰ ਸੱਦਣਾ" ਸੀ ਜਿਸ ਨੂੰ ਉਹ "ਨਹੀਂ ਸੀ ਜਾਣਦੇ" ਅਤੇ ਉਸੇ ਤਰ੍ਹਾਂ ਉਨ੍ਹਾਂ ਨੇ ਯਸਾਯਾਹ ਦੇ ਰਾਹੀਂ ਦੱਸਿਆ ਗਿਆ, ". . . ਇੱਕ ਕੌਮ ਜੋ ਤੈਨੂੰ ਨਹੀਂ ਜਾਣਦੀ, ਯਹੋਵਾਹ ਤੇਰੇ ਪਰਮੇਸ਼ੁਰ ਅਤੇ ਇਸਰਾਏਲ ਦੇ ਪਵਿੱਤਰ ਪੁਰਖ ਦੇ ਕਾਰਨ, ਜਿਹ ਨੇ ਤੈਨੂੰ ਸਜਾਇਆ" (ਯਸਾਯਾਹ 55:5)।

ਪਰਮੇਸ਼ੁਰ ਦੇ ਲੋਕਾਂ ਦਾ ਗੁਲਾਮੀ ਵਿੱਚੋਂ ਪਰਤਣਾ ਇੱਕ ਛੁਟਕਾਰੇ ਦਾ ਕੰਮ ਹੋਣਾ ਸੀ ਜੋ ਗੈਰ-ਜਾਤੀ ਲੋਕਾਂ ਨੂੰ ਇਹ ਯਕੀਨ ਦਿਵਾਏਗਾ ਕਿ ਯਹੂਦੀ ਲੋਕ ਇੱਕੋ ਸੱਚੇ ਪਰਮੇਸ਼ੁਰ ਦੀ ਸੇਵਾ ਕਰਦੇ ਸਨ, ਤਾਂ ਕਿ ਉਹ ਉਸ ਵੱਲ ਮੁੜਨ ਅਤੇ ਬਚਾਏ ਜਾਣ। ਇਸਰਾਏਲ ਨੇ, ਹੋਣ ਦੇ ਨਾਤੇ "ਯਾਕੂਬ ਦਿਆਂ ਗੋਤਾਂ ਨੂੰ ਉਠਾਉਣ ਲਈ ਅਤੇ ਇਸਰਾਏਲ ਦੇ ਬਚਿਆਂ ਹੋਇਆਂ ਨੂੰ ਮੋੜਨ ਲਈ ਦਾਸ" ਹੋਣਾ ਸੀ; ਇਸ ਤੋਂ ਇਲਾਵਾ, ਯਹੋਵਾਹ ਨੇ ਕਿਹਾ, "ਮੈਂ ਤੈਨੂੰ ਕੌਮਾਂ [ਗੈਰ-ਕੌਮਾਂ] ਲਈ ਜੋਤ ਠਹਿਰਾਵਾਂਗਾ, ਭਈ ਮੇਰੀ ਮੁਕਤੀ ਧਰਤੀ ਦੀਆਂ ਹੱਦਾਂ ਤੀਕ ਅੱਪੜੇ" (ਯਸਾਯਾਹ 49:6)। ਅਸੀਰੀ ਤੋਂ ਪਰਤਣ ਵਿੱਚ ਨੇਮ ਦੇ ਲੋਕਾਂ ਦਾ ਗੈਰ-ਕੌਮਾਂ ਦੇ ਹਿੱਸੇ ਵਜੋਂ ਸਵੀਕਾਰਿਆ ਜਾਣਾ ਨਿਸ਼ਚਤ ਤੌਰ ਤੇ ਪਰਮੇਸ਼ੁਰ ਦਾ ਇਰਾਦਾ ਸੀ।

*ਸਿੱਟਾ।* ਨਵੇਂ ਨੇਮ ਵਿੱਚ ਕਿਸੇ ਵੀ ਦੁਨਿਆਵੀ ਧਰਤੀ ਦਾ ਵਾਇਦਾ ਨਹੀਂ ਦਿੱਤਾ ਗਿਆ ਹੈ ਅਤੇ ਬਾਈਬਲ ਯਹੂਦੀ ਲੋਕਾਂ ਦੇ ਮਸੀਹ ਦੀ ਦੂਜੀ ਆਮਦ ਦੇ ਸਮੇਂ ਫਲਿਸਤੀਨ ਵਿੱਚ ਵਾਪਸ ਜਾਣ ਦੇ ਬਾਰੇ ਕੁਝ ਨਹੀਂ ਕਹਿੰਦੀ। ਸਾਨੂੰ ਇਹ ਵਾਇਦਾ ਕਿਤੇ ਨਹੀਂ ਮਿਲਦਾ ਕਿ ਉਨ੍ਹਾਂ ਨੂੰ ਇਹ ਉਨ੍ਹਾਂ ਦੀ ਮਿਰਾਸ ਵਜੋਂ ਮਿਲਣਾ ਹੈ, ਹੈਕਲ ਨੂੰ ਦੁਬਾਰਾ ਬਣਾਉਣਾ ਹੈ, ਜਾਂ ਜਾਨਵਰਾਂ ਦੀਆਂ ਬਲੀਆਂ ਨਾਲ ਮੂਸਾ ਦੇ ਨੇਮ ਨੂੰ ਫੇਰ ਤੋਂ ਸ਼ੁਰੂ ਕਰਨਾ ਹੈ, ਜਿਵੇਂ ਕਿ ਕੁਝ ਲੋਕਾਂ ਦਾ ਮੰਨਣਾ ਹੈ।

ਜਿਹੜੇ ਲੋਕ ਵਚਨ ਦੀ ਇਸ ਤਰ੍ਹਾਂ ਵਿਆਖਿਆ ਕਰਦੇ ਹਨ ਬੰਦ ਦੇ ਉਨ੍ਹਾਂ ਵਿਚਾਰਾਂ ਨੂੰ ਪੜ੍ਹ ਰਹੇ ਹਨ ਜੋ ਉਨ੍ਹਾਂ ਦੇ ਲਈ ਬਾਹਰੀ ਹਨ ਅਤੇ ਉਸ ਇਤਿਹਾਸਕ ਸੰਦਰਭ ਨੂੰ ਨਜ਼ਰਅੰਦਾਜ਼ ਕਰ ਰਹੇ ਸਨ ਜਿਸ ਦੇ ਵਿੱਚੋਂ ਨਬੀਆਂ ਨੇ ਗੱਲ ਕੀਤੀ ਸੀ। ਘਟਨਾਵਾਂ ਜਿਨ੍ਹਾਂ ਦਾ ਉਹ ਵਰਣਨ ਕਰਦੇ ਹਨ ਅਧਿਆਤਮਕ ਘੜੀ ਨੂੰ ਪੁਰਾਣੇ ਨੇਮ ਦੇ ਪਰਛਾਵਿਆਂ ਵੱਲ ਵਾਪਸ ਮੋੜ ਦੇਣਗੇ। ਬਜਾਇ ਇਸ ਦੇ, ਸਾਨੂੰ ਨਵੇਂ ਅਤੇ "ਉੱਤਮ ਨੇਮ" (ਇਬਰਾਨੀਆਂ 7:22) ਦੀ ਸੱਚਾਈ ਦੀ ਪ੍ਰਸ਼ੰਸਾ ਕਰਨੀ ਚਾਹੀਦੀ ਹੈ ਅਤੇ ਉਨ੍ਹਾਂ ਵਾਇਦਿਆਂ ਨੂੰ ਲੈਣਾ ਚਾਹੀਦਾ ਹੈ ਜੋ ਹੁਣ ਸਾਡੇ ਕੋਲ ਯਿਸੂ ਮਸੀਹ ਦੇ ਰਾਹੀਂ ਹਨ (ਇਬਰਾਨੀਆਂ 7:19–8:13)।

ਪਰਮੇਸ਼ੁਰ ਨੇ ਅਬਰਾਹਾਮ ਦੀ ਸਰੀਰਕ ਅੰਸ ਨੂੰ ਕਨਾਨ ਦਾ ਦੇਸ ਬਿਨਾਂ ਸ਼ਰਤ ਜਾਂ ਅਟੱਲ ਦਾਤ ਵਜੋਂ ਨਹੀਂ ਦਿੱਤਾ। ਇਸ ਦੇ ਉਲਟ, ਇਸਰਾਏਲੀਆਂ ਕੋਲ ਇਸ ਦਾ ਕਦੇ ਅਧਿਕਾਰ ਨਹੀਂ ਸੀ; ਉਹ ਪਰਮੇਸ਼ੁਰ ਦੀ ਧਰਤੀ ਤੇ ਹਮੇਸ਼ਾ "ਓਪਰੇ" ਅਤੇ "ਕਿਰਾਏਦਾਰ" ਸਨ (ਲੇਵੀਆਂ 25:23; 1 ਇਤਹਾਸ 29:15)। ਯਹੂਦੀ ਲੋਕਾਂ ਦੇ ਆਗੂਆਂ ਨੇ ਪਰਮੇਸ਼ੁਰ ਦੇ ਪੁੱਤਰ ਅਤੇ ਉਸ ਦੇ ਸਲੀਬ ਦਿੱਤੇ ਜਾਣ ਨੂੰ ਠੁਕਰਾਉਣ ਦੁਆਰਾ ਪਰਮੇਸ਼ੁਰ ਦਾ ਸਭ ਤੋਂ ਵੱਡਾ ਅਪਮਾਨ ਕੀਤਾ ਸੀ ਜਿਹੜਾ ਉਨ੍ਹਾਂ ਨੂੰ – ਅਤੇ ਸਾਰੀ ਮਨੁੱਖਜਾਤੀ ਨੂੰ – ਉਨ੍ਹਾਂ ਦੇ ਪਾਪਾਂ ਦੇ ਸਦੀਪਕ ਪਰਿਣਾਮਾਂ ਤੋਂ ਬਚਾਉਣ ਦੇ ਲਈ ਆਇਆ ਸੀ। ਘਮੰਡ ਅਤੇ ਹੰਕਾਰ ਨੇ ਉਨ੍ਹਾਂ ਨੂੰ ਇਹ ਵੇਖਣ ਤੋਂ ਦੂਰ ਰੱਖਿਆ ਕਿ ਉਨ੍ਹਾਂ ਨੂੰ "ਪਰਮੇਸ਼ੁਰ ਦੇ ਰਾਜ" ਵਿੱਚ ਵੜਨ ਦੇ ਲਈ "ਆਤਮਾ ਅਤੇ ਜਲ ਦੇ" ਨਵੇਂ ਜਨਮ ਦੀ ਲੋੜ ਸੀ (ਯੂਹੰਨਾ 3:3-5; ਵੇਖੋ ਮਰਕੁਸ 1:4; ਲੂਕਾ 3:3)।

ਜ਼ਿਆਦਾਤਰ, ਪਰਮੇਸ਼ੁਰ ਦੇ ਰਾਜ ਬਾਰੇ ਯਹੂਦੀ ਲੋਕਾਂ ਦਾ ਵਿਚਾਰ ਦੁਨਿਆਵੀ, ਤੰਗ ਅਤੇ ਰਾਸ਼ਟਰਵਾਦੀ ਸੀ। ਅਧਿਕਾਰੀਆਂ ਨੇ ਯਿਸੂ ਨੂੰ ਮੂਸਾ ਦੀ ਸ਼ਰਾ ਦੇ ਵਿਰੁੱਧ ਬਗਾਵਤ ਕਰਨ ਵਾਲੇ ਅਤੇ ਕੁਫ਼ਰ ਬਕਣ ਦੇ ਰੂਪ ਵਿੱਚ ਵੇਖਿਆ ਸੀ ਜਿਹੜਾ ਕਿ ਪਰਮੇਸ਼ੁਰ ਦਾ ਪੁੱਤਰ ਹੋਣ ਦਾ ਦਾਅਵਾ ਕਰਦਾ ਸੀ। ਉਨ੍ਹਾਂ ਨੇ ਉਸ ਨੂੰ ਇੱਕ ਖ਼ਤਰਨਾਕ ਝੂਠਾ ਮਸੀਹ ਸਮਝਿਆ ਸੀ, ਜਿਹੜਾ ਦਾਊਦ ਦੇ ਇੱਕ ਨਵੇਂ ਰਾਜ ਦੀਆਂ ਆਸਾਂ ਅਤੇ ਸੁਫ਼ਨੇ ਵਿਖਾ ਕੇ ਆਮ ਲੋਕਾਂ ਨੂੰ ਭਟਕਾ ਸਕਦਾ ਸੀ। ਬੇਸ਼ੱਕ, ਯਹੂਦੀ ਆਗੂ ਜਾਣਦੇ ਸਨ ਕਿ ਅਜਿਹਾ ਕੰਮ ਉਨ੍ਹਾਂ ਉੱਤੇ ਰੋਮ ਦੇ ਕਰੋਧ ਨੂੰ ਲਿਆਵੇਗਾ; ਫਿਰ ਜੇਕਰ ਉਨ੍ਹਾਂ ਦੇ ਆਪਣੇ ਜੀਵਨ ਨਹੀਂ ਤਾਂ ਉਨ੍ਹਾਂ ਨੂੰ ਆਪਣੇ ਅਧਿਕਾਰ ਦੇ ਅਹੁਦੇ ਗੁਆਉਣੇ ਪੈਣਗੇ (ਯੂਹੰਨਾ 11:47-53)। ਆਪਣੇ ਮਨ ਦੀ ਕਠੋਰਤਾ ਵਿੱਚੋਂ, ਉਨ੍ਹਾਂ ਨੇ ਪਰਮੇਸ਼ੁਰ ਦੇ ਪੁੱਤਰ ਨੂੰ ਠੁਕਰਾਉਣ ਦੇ ਲਈ ਰਾਜਨੀਤਿਕ ਪ੍ਰਣਾਲੀ ਨੂੰ ਚੁਣਿਆ ਅਤੇ ਉਨ੍ਹਾਂ ਨੇ ਯਿਸੂ ਨੂੰ ਜਾਨੋਂ ਮਾਰ ਦਿੱਤਾ।

ਤਾਂ ਵੀ, ਪੌਲੁਸ ਦੇ ਅਨੁਸਾਰ, ਇਸਰਾਏਲ ਦੇ ਲੋਕਾਂ ਲਈ ਹਾਲੇ ਵੀ ਆਸ ਸੀ। ਰਸੂਲ ਨੇ ਉਨ੍ਹਾਂ ਬਾਰੇ ਕਿਹਾ ਕਿ ਉਹ ਪਰਮੇਸ਼ੁਰ ਦੇ ਜ਼ੈਤੂਨ ਦੇ ਰੁੱਖ ਦੀਆਂ ਕੁਦਰਤੀ ਡਾਲੀਆਂ (ਉਸ ਦੇ ਰਾਜ ਦੇ ਲੋਕ) ਹਨ, ਜਿਨ੍ਹਾਂ ਨੂੰ ਉਨ੍ਹਾਂ ਦੀ ਬੇਪਰਤੀਤੀ ਦੇ ਕਾਰਣ ਤੋੜ ਦਿੱਤਾ ਗਿਆ। ਉਸ ਨੇ ਪਰਾਈਆਂ ਕੌਮਾਂ ਦਾ ਉਨ੍ਹਾਂ ਲੋਕਾਂ ਵਜੋਂ ਵਰਣਨ ਕੀਤਾ ਜਿਨ੍ਹਾਂ ਨੂੰ ਨਿਹਚਾ ਨਾਲ ਇਸ ਰੁੱਖ ਵਿੱਚ ਪੇਉਂਦ ਚਾੜ੍ਹਿਆ ਗਿਆ ਹੈ (ਰੋਮੀਆਂ 11:17-20)। ਇਸ ਲਈ, ਪਰਮੇਸ਼ੁਰ ਦੀ "ਦਿਆਲਗੀ" ਦੇ ਅਨੁਸਾਰ, *ਜੇਕਰ* ਯਹੂਦੀ ਲੋਕ ਆਗਿਆਕਾਰੀ ਨਿਹਚਾ ਦੀ ਵੱਲ ਆਉਣਗੇ, *ਤਾਂ* ਉਨ੍ਹਾਂ ਨੂੰ ਵਾਪਸ ਪਰਮੇਸ਼ੁਰ ਦੇ ਰੁੱਖ ਵਿੱਚ "ਪੇਉਂਦ ਚਾੜ੍ਹਿਆ" ਜਾ ਸਕਦਾ ਹੈ ਅਤੇ ਇਸ ਲਈ ਉਹ ਬਚਾਏ ਜਾ ਸਕਦੇ ਹਨ (ਰੋਮੀਆਂ 11:22-27)।

ਪੌਲੁਸ ਧਰਤੀ ਤੇ ਰਾਸ਼ਟਰਵਾਦੀ ਯਹੂਦੀ ਰਾਜ ਵਿੱਚ ਰਾਜਨੀਤਿਕ ਮੁਕਤੀ ਦੀ ਚਰਚਾ ਨਹੀਂ ਸੀ ਕਰ ਰਿਹਾ ਜਿਸ ਦਾ ਇੱਕ ਵਾਰ ਅਬਰਾਹਾਮ ਨੂੰ ਵਾਇਦਾ ਦਿੱਤਾ ਗਿਆ ਸੀ। ਨਾ ਹੀ ਉਸ ਨੇ ਜਾਂ ਨਵੇਂ ਨੇਮ ਦੇ ਹੋਰ ਕਿਸੇ ਲੇਖਕ ਨੇ ਇਨ੍ਹਾਂ ਚਿੰਤਾਵਾਂ ਅਤੇ ਡਾਕਟ੍ਰਿਨਾਂ ਨੂੰ ਸੰਬੋਧਿਤ

ਕੀਤਾ ਸੀ ਜੋ ਅਜਿਹੇ ਵਿਚਾਰਾਂ ਨੂੰ ਵਧਾਵਾ ਦਿੰਦੀਆਂ ਹਨ ਜੋ ਬਾਈਬਲ ਤੇ ਅਧਾਰਿਤ ਨਹੀਂ ਹਨ।

---

ਟਿੱਪਣੀਆਂ

[1]ਜੇ. ਜੇਰੇਮੀਆਸ ਦੀ ਪੁਸਤਕ *ਥਿਓਲੌਜੀਕਲ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ* ਵਿੱਚ "נָבִיא" ਹੈ, ਅਨੁਵਾਦ, ਮਾਰਕ ਬਿਡਲ, ਸੋਧ, ਅਰਨੈਸਟ ਜੈਨੀ ਅਤੇ ਕਲਾਉਸ ਵੈਸਟਰਮਨ (ਪੀਬੌਡੀ, ਮਾਸਾਚੁਸੈਟਸ: ਹੈਂਡਰਿਕਸਨ ਪਬਲਿਸ਼ਰਜ਼, 1997), 2:703. [2]ਅਬਰਾਹਾਮ ਲਗਭਗ ਪੈਂਤੀ ਸਾਲ ਦਾ ਹੋਵੇਗਾ ਜਦੋਂ ਪਰਮੇਸ਼ੁਰ ਨੇ ਪਹਿਲੀ ਵਾਰ ਅਬਰਾਹਾਮ ਨੂੰ ਊਰ ਵਿੱਚੋਂ ਸੱਦਿਆ। 12:4 ਅਤੇ 16:3 ਅਨੁਸਾਰ, ਇਸ ਸਮੇਂ ਤੱਕ ਉਸ ਦੀ ਉਮਰ ਪੰਜਾਸੀ ਸਾਲ ਦੇ ਲਗਭਗ ਹੋਵੇਗੀ। ਇਸ ਲਈ, ਲਗਭਗ ਪੰਜਾਹ ਸਾਲ ਬੀਤ ਚੁੱਕੇ ਹੋਣਗੇ ਅਤੇ ਹਾਲੇ ਤੱਕ ਉਸ ਦੇ ਦੇਸ ਅਤੇ ਧਨ ਦੌਲਤ ਨੂੰ ਮਿਲਖ ਦੇ ਰੂਪ ਵਿੱਚ ਲੈਣ ਦੇ ਲਈ ਉਸ ਦੇ ਕੋਲ ਪੁੱਤਰ ਨਹੀਂ ਸੀ। [3]ਇਹ ਨੌਕਰ ਅਬਰਾਹਾਮ ਦੇ ਹਾਰਾਨ ਤੋਂ ਕਨਾਨ ਨੂੰ ਜਾਣ ਦੇ ਸਮੇਂ ਨਾਲ ਲਿਆ ਗਿਆ ਹੋਵੇਗਾ, ਜਿਹੜਾ ਸੰਭਵ ਤੌਰ ਤੇ ਉਸ ਨੂੰ ਦੰਮਿਸਕ ਵਿੱਚੋਂ ਦੀ ਲੈ ਕੇ ਗਿਆ ਸੀ (12:4, 5 ਤੇ ਟਿੱਪਣੀਆਂ ਵੇਖੋ)। [4]NIV ਬਾਈਬਲ ਵਿੱਚ ਇਸ ਤਰ੍ਹਾਂ ਲਿਖਿਆ ਹੈ "ਉਹ ਜਿਹੜਾ ਮੇਰੀ ਜਾਇਦਾਦ ਦਾ ਅਧਿਕਾਰੀ ਹੋਵੇਗਾ।" [5]ਵਿਕਟਰ ਪੀ. ਹੈਮਿਲਟਨ, *TWOT* ਵਿੱਚ "מֶשֶׁק," 1:535. [6]ਐਲਫਰੈਡ ਜੇ. ਹੋਰਥ, *ਆਰਕੀਓਲੀਜੀ ਐਂਡ ਦਿ ਓਲਡ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕਸ, 1998), 102-3. [7]ਐਲਫਰੈਡ ਜੈਸਪਨ ਦੀ ਪੁਸਤਕ *TWOT* ਵਿੱਚ "אָמַן" ਹੈ, ਅਨੁਵਾਦ, ਜੌਨ ਟੀ. ਵਿਲੀਜ, ਸੋਧ, ਜੀ. ਜੋਹੈਨਸ ਬੋਟਰਵੈਕ ਅਤੇ ਹੈਲਮਰ ਰਿੰਗਰੈਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1974), 1:308. [8]ਡੈਰਿਕ ਸੀ. ਟੀ. ਸ਼ੇਰਿਫਸ ਦੀ ਪੁਸਤਕ *ਡਿਕਸ਼ਨਰੀ ਆਫ਼ ਦਿ ਓਲਡ ਟੈਸਟਾਮੈਂਟ: ਪੈਂਟਾਟੁਕ* ਵਿੱਚ "ਫੇਥ" ਹੈ, ਸੋਧ, ਟੀ. ਡੈਸਮੰਡ ਐਲਗਜੰਡਰ ਅਤੇ ਡੇਵਿਡ ਡਬਲਿਯੂ. ਬੇਕਰ (ਡਾਉਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 2003), 281-82. [9]NASB ਬਾਈਬਲ ਦੀਆਂ ਕੁਝ ਛਪਾਈਆਂ ਵਿੱਚ 1:6 ਤੇ ਟਿੱਪਣੀ ਵਿੱਚ *ਯਾਦਾ* ਦੇ ਲਈ "ਪ੍ਰਵਾਨਗੀ ਦਿੰਦਾ ਹੈ" ਸ਼ਬਦ ਵਰਤਿਆ ਗਿਆ ਹੈ। ਆਮੋਸ 3:2 ਵਿੱਚ, ਇਸ ਸ਼ਬਦ ਦਾ ਅਨੁਵਾਦ "ਚੁਣਿਆ ਹੋਇਆ" ਦੇ ਰੂਪ ਵਿੱਚ ਕੀਤਾ ਗਿਆ ਹੈ। ਅਸਲ ਵਿੱਚ, *ਯਾਦਾ* ਦਾ ਅਰਥ ਹੁੰਦਾ ਹੈ ਗੂੜ੍ਹੇ ਢੰਗ ਨਾਲ "ਜਾਣਨਾ" ਜਾਂ ਤਾਂ ਸਰੀਰਕ ਤੌਰ ਤੇ (4:1) ਜਾਂ ਆਤਮਿਕ ਤੌਰ ਤੇ (ਹੋਸ਼ੇਆ 2:20)। [10]ਕੈਨੇਥ ਏ. ਮੈਥਿਊਜ਼, *ਜੈਨੇਸਿਸ 11:27–50:26*, ਦ ਨਿਊ ਅਮੈਰੀਕਨ ਕਮੈਂਟਰੀ, ਜਿਲਦ 1B (ਨੈਸ਼ਵਿਲੇ: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 2005), 170.

[11]ਐਰਿਕਾ ਰੇਨਰ, ਅਨੁਵਾਦ, "ਟਰੀਟੀ ਬਟਵੀਨ ਅਸੁਰਨਿਰਾਨੀ ਵੀ ਆਫ਼ ਅਸੀਰੀਆ ਐਂਡ ਮਾਟੀਲੂ ਆਫ਼ ਅਰਪਾਦ," *ਏਨਸ਼ੀਐਂਟ ਨੀਅਰ ਈਸਟਰਨ ਟੈਕਸਟਸ ਰੀਲੇਟਿੰਗ ਟੂ ਦਿ ਓਲਡ ਟੈਸਟਾਮੈਂਟ*, ਤੀਜਾ ਸੰਪਾਦਨ, ਸੋਧ, ਜੇਮਸ ਬੀ. ਪਰਿਚਾਰਡ (ਪ੍ਰਿੰਸਟਨ, ਨਿਊ ਜਰਸੀ: ਪ੍ਰਿੰਸਟਨ ਯੂਨੀਵਰਸਿਟੀ ਪ੍ਰੈਸ, 1969), 532. [12]ਫਰੈਂਜ਼ ਰੋਸੈਨਥਲ, ਅਨੁਵਾਦ, *ਏਨਸ਼ੀਅੰਟ ਨੀਅਰ ਈਸਟਰਨ ਟੈਕਸਟਸ* ਵਿੱਚ "ਦ ਟ੍ਰੀਟੀ ਬਟਵੀਨ ਕੇਟੀਕੇ ਐਂਡ ਅਰਪਾਦ," 660. [13]ਮਸੋਪੋਤਾਮੀਆ ਵਿੱਚ ਪ੍ਰਾਚੀਨ ਲੋਕ ਉਨ੍ਹਾਂ ਨੂੰ ਜਿਹੜੇ ਸੀਰੀਆ, ਲੈਬਨਾਨ ਅਤੇ ਫ਼ਲਿਸਤੀਨ (ਕਨਾਨ) ਵਿੱਚ ਰਹਿੰਦੇ ਸਨ *ਅਮੁਰੂ* (ਅਮੋਰੀ, "ਪੱਛਮ ਵਾਸੀ") ਕਹਿੰਦੇ ਸਨ ਅਤੇ ਇਸ ਸ਼ਬਦ ਦੀ ਸਧਾਰਣ ਵਰਤੋਂ ਨੂੰ ਪੁਰਾਣੇ ਨੇਮ ਦੀਆਂ ਕਾਫੀ ਥਾਵਾਂ ਤੇ ਬਣਾਈ ਰੱਖਿਆ ਗਿਆ ਹੈ। (ਏ. ਐਚ. ਸੇਸੀ ਅਤੇ ਜੇ. ਏ. ਸੋਗਿਨ, *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਈਕਲੋਪੀਡੀਆ* ਵਿੱਚ "ਅਮੋਰੀਆਂ" ਹੈ, ਸੋਧ ਅਤੇ ਸੰਪਾਦਨ, ਸੋਧ, ਜੀਓਫਰੀ ਡਬਲਿਯੂ. ਬਰੋਮਿਲੀ [ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬਾਰਕਲੇਅ ਈਰਡਮੈਂਸ ਪਬਲਿਸ਼ਿੰਗ ਕੰਪਨੀ, 1979], 1:113-14.) [14]ਬਾਅਦ ਵਿੱਚ, ਸਦੂਮ ਅਤੇ ਅਮੂਰਾਹ ਦੀ ਦੁਹਾਈ ਇੰਨੀ ਵੱਡੀ ਸੀ, ਸਗੋਂ ਉਸ ਇਲਾਕੇ ਵਿੱਚ ਰਹਿਣ ਵਾਲੇ ਗੈਰ-ਯਹੂਦੀ ਲੋਕਾਂ ਦੀ ਵੀ, ਕਿ ਯਹੋਵਾਹ ਇਸ ਨੂੰ ਸਹਿਣ ਨਹੀਂ ਕਰ ਸਕਿਆ ਅਤੇ ਉਸ ਨੇ ਉਨ੍ਹਾਂ ਦੇ ਵਿਰੁੱਧ ਨਿਆਉਂ ਕਰਨ ਦਾ ਫ਼ੈਸਲਾ ਕਰ ਲਿਆ (18:20, 21)। ਫਿਰ ਵੀ, ਪਰਮੇਸ਼ੁਰ ਨੇ ਅਬਰਾਹਾਮ ਨਾਲ ਵਾਇਦਾ ਕੀਤਾ ਸੀ ਕਿ ਜੇਕਰ ਉਹ ਨੂੰ ਉਸ ਸ਼ਹਿਰ ਵਿੱਚ ਦਸ ਧਰਮੀ ਵਿਅਕਤੀ ਵੀ ਲੱਭਣਗੇ ਤਾਂ ਉਹ ਉਨ੍ਹਾਂ ਦਸਾਂ ਦੇ ਕਾਰਣ ਸਦੂਮ ਨੂੰ ਨਸ਼ਟ ਨਹੀਂ ਕਰੇਗਾ (18:32)। [15]ਜੌਨ ਟੀ. ਵਿਲਸ, *ਜੈਨੇਸਿਸ,* ਦ ਲਿਵਿੰਗ ਵਰਡ ਕਮੈਂਟਰੀ (ਔਸਟਿਨ, ਟੈਕਸਾਸ: ਸਵੀਟ ਪਬਲਿਸ਼ਿੰਗ ਕੰਪਨੀ, 1979), 239. [16]ਆਰ. ਕੇ. ਹੈਰੀਸਨ, ਦੀ ਪੁਸਤਕ *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਇਕਲੋਪੀਡੀਆ* ਵਿੱਚ "ਬਰੁਕ ਆਫ਼ ਇਜਿਪਟ," 1:549. [17]ਗਿਣਤੀ 34:5 ਅਤੇ ਯਹੋਸ਼ੁਆ 15:4 ਵਿੱਚ, "ਮਿਸਰ ਦੀ ਨਦੀ [נַחַל, *ਨਾਚਲ*]" ਸ਼ਾਇਦ ਉਤਪਤ 15:18 ਦੀ "ਮਿਸਰ ਦੀ ਨਦੀ [נָהָר, *ਨਾਹਰ*]" ਵਰਗੀ ਹੀ ਹੈ, ਭਾਵੇਂ ਕਿ ਹਵਾਲਿਆਂ ਵਿੱਚ ਵੱਖ-ਵੱਖ ਇਬਰਾਨੀ ਸ਼ਬਦ ਵਰਤੇ ਗਏ ਹਨ। [18]ਮੈਥਿਊਜ਼, 177. [19]ਅਬਰਾਹਾਮ "ਦੀ ਉਮਰ ਪਝੱਤਰਾਂ ਵਰਿਹਾਂ ਦੀ ਸੀ ਜਦ ਉਹ ਹਾਰਾਨ ਤੋਂ ਨਿੱਕਲਿਆ" (12:4) ਅਤੇ ਉਹ 16:3 ਦੇ ਸਮੇਂ ਤੱਕ ਦਸ ਸਾਲ ਤੱਕ ਕਨਾਨ ਵਿੱਚ ਰਹਿ ਚੁੱਕਾ

ਸੀ। ਸ਼ਾਇਦ ਜਦੋਂ ਉਸ ਨੂੰ ਦਰਸ਼ਣ ਹੋਇਆ ਤਾਂ ਉਹ ਅੱਸੀ ਵਰਿਹਾਂ ਦਾ ਸੀ। ਉਹ ਛਿਆਸੀਆਂ ਵਰਿਹਾਂ ਦਾ ਸੀ ਜਦੋਂ ਹਾਜਰਾ ਨੇ 16:16 ਵਿੱਚ ਇਸਮਾਏਲ ਨੂੰ ਜਨਮ ਦਿੱਤਾ। [20]ਵੇਖੋ ਮੱਤੀ 1:20; 10:31; 28:5; ਲੂਕਾ 1:13, 30; 2:10; 5:10; 8:50; 12:7, 32; ਰਸੂਲਾਂ ਦੇ ਕਰਤੱਬ 27:24; ਪਰਕਾਸ਼ 1:17.

[21]ਇਸ ਵਿਚਾਰ ਦੇ ਉੱਤਮ ਬਚਾਵ ਹਨ: ਵਾਲਟਰ ਸੀ. ਕੈਸਰ, ਜੂਨੀਅਰ, *ਟੁਵਾਰਡ ਰੀਡਸਕਵਰਿੰਗ ਦਿ ਓਲਡ ਟੈਸਟਾਮੈਂਟ* (ਗ੍ਰੈਂਡ ਰੈਪਿਡਸ, ਮਿਸ਼ੀਗਨ: ਜ਼ੋਨਡੇਰਵਨ ਪਬਲਿਸ਼ਿੰਗ ਹਾਊਸ, 1987), 150-55; ਰੋਨਾਲਡ ਬੀ. ਐਲਨ ਦੀ ਪੁਸਤਕ *ਇਜਰਾਏਲ: ਦ ਲੈਂਡ ਐਂਡ ਦ ਪੀਪਲ*, ਸੋਧ, ਐਚ. ਵੇਅਨ ਹਾਊਸ (ਗ੍ਰੈਂਡ ਰੈਪਿਡਸ, ਮਿਸ਼ੀਗਨ: ਕਰੀਗਲ ਪਬਲੀਕੇਸ਼ਨਜ਼, 1998) ਵਿੱਚ ਸਫ਼ੇ 24-28 ਤੇ "ਇਸਰਾਏਲ ਦੀ ਧਰਤੀ" ਹੈ ਅਤੇ ਕਰੇਗ ਏ. ਬਲੇਜਿੰਗ ਐਂਡ ਡਾਰੈਲ ਐਲ. ਬੋਕ, *ਪਰੋਗਰੈਸਿਵ ਡਿਸਪੈਨਸੇਸ਼ਨਲਿਜਮ* (ਵੀਹਟਨ, ਇਲੀਨੋਇਸ: ਵਿਕਟਰ ਬੁਕਸ, 1993), 132-35. [22]ਏ. ਲੀਓ ਓਪੈਨਹੇਮ, ਅਨੁਵਾਦ, *ਏਨਸ਼ੀਐਂਟ ਨੀਅਰ ਈਸਟਰਨ ਟੈਕਸਟਸ* ਵਿੱਚ ਸਫ਼ਾ 288 ਤੇ "ਸਨੇਹਰੀਬ ਦੀਆਂ ਕਥਾਵਾਂ।"